




# ਕੈਨੇਡੀਅਨ ਪੰਜਾਬੀ ਪੋਸਟ

*Award winning news paper* | Canadian Punjabi Post








To view our online newspaper visit **punjabipost.ca/epaper** | Vol 21* Issue 140 | Monday, July 18, 2022 | Tel: 905-793-2202 | Fax: 905-793-2282 | news@punjabipost.ca | *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*


# ਗੋਲੀ ਲੱਗਣ ਕਾਰਨ ਇੱਕ ਜ਼ਖ਼ਮੀ




ਟੋਰਾਂਟੋ, 17 ਜੁਲਾਈ (ਪੋਸਟ ਬਿਊਰੋ) : ਐਤਵਾਰ ਸ਼ਾਮ ਨੂੰ ਡੈਨਫੋਰਥ ਐਵਨਿਊ ਤੇ ਮੇਨ ਸਟਰੀਟ ਏਰੀਆ ਵਿੱਚ ਗੋਲੀ ਲੱਗਣ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

ਰਾਤੀਂ 9:00 ਵਜੇ ਤੋਂ ਪਹਿਲਾਂ ਪੁਲਿਸ ਨੂੰ ਕਿਸੇ ਦੇ ਗੋਲੀ ਲੱਗਣ ਦੀ ਰਿਪੋਰਟ ਮਿਲੀ ਤੇ ਮੌਕੇ ਉੱਤੇ ਪਹੁੰਚਣ ਉੱਤੇ ਪੁਲਿਸ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ। ਪੈਰਾਮੈਡਿਕਸ ਵੱਲੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ।

ਇਸ ਸਮੇਂ ਜ਼ਖ਼ਮੀ ਵਿਅਕਤੀ ਦੀ ਸਥਿਤੀ ਸਬੰਧੀ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ ਹੈ। ਇਸ ਤੋਂ ਇਲਾਵਾ ਪੁਲਿਸ ਕੋਲ ਮਸ਼ਕੂਕ ਬਾਰੇ ਵੀ ਕੋਈ ਜਾਣਕਾਰੀ ਨਹੀਂ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਓਨਟਾਰੀਓ ਪੁਲਿਸ ਨੇ ਡਰਾਈਵਰਾਂ ਨੂੰ ਲਾਇਸੰਸ ਪਲੇਟ ਰਨਿਊ ਕਰਵਾਉਣ ਲਈ ਜਾਰੀ ਕੀਤਾ ਰਿਮਾਂਈਡਰ




ਓਨਟਾਰੀਓ, 17 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਪੁਲਿਸ ਵੱਲੋਂ ਡਰਾਈਵਰਾਂ ਨੂੰ ਆਪਣੀ ਲਾਇਸੰਸ ਪਲੇਟਾਂ ਰਨਿਊ ਕਰਵਾਉਣ ਲਈ ਆਖਿਆ ਜਾ ਰਿਹਾ ਹੈ। ਹੁਣ ਇਨ੍ਹਾਂ ਨੂੰ ਰਨਿਊ ਕਰਵਾਉਣ ਉੱਤੇ ਭਾਵੇਂ ਕੋਈ ਪੈਸੇ ਵੀ ਨਹੀਂ ਲੱਗਣੇ।

ਹਾਲਾਂਕਿ ਓਨਟਾਰੀਓ ਵੱਲੋਂ ਮਾਰਚ ਵਿੱਚ ਹੀ ਲਾਇਸੰਸ ਪਲੇਟ ਰਨਿਊ ਕਰਵਾਉਣ ਸਬੰਧੀ ਫੀਸ ਲੈਣ ਦੇ ਫੈਸਲੇ ਨੂੰ ਮਨਸੂਖ ਕਰ ਦਿੱਤਾ ਗਿਆ ਸੀ ਪਰ ਰਨਿਊਲ ਪ੍ਰਕਿਰਿਆ ਦੀ ਅਜੇ ਵੀ ਲੋੜ ਹੈ। ਉਸ ਸਮੇਂ ਸਰਕਾਰ ਨੇ ਆਖਿਆ ਸੀ ਕਿ ਇਸ ਫੀਸ ਨੂੰ ਖ਼ਤਮ ਕਰਨ ਨਾਲ ਡਰਾਈਵਰਾਂ ਨੂੰ ਸਾਲ ਦੇ 120 ਡਾਲਰ ਦੀ ਬਚਤ ਹੋਵੇਗੀ। ਇੱਕ ਵੀਡੀਓ ਵਿੱਚ ਓਪੀਪੀ ਸਾਰਜੈਂਟ ਕੈਰੀ ਸ਼ਮਿਡਟ ਮੋਟਰਿਸਟਸ ਨੂੰ ਇਹ ਚੇਤਾਵਨੀ ਦਿੰਦੇ ਨਜ਼ਰ ਆ ਰਹੇ ਹਨ ਕਿ ਜੇ ਉਨ੍ਹਾਂ ਵੱਲੋਂ ਆਪਣੀਆਂ ਲਾਇਸੰਸ ਪਲੇਟਾਂ ਨੂੰ ਰਨਿਊ ਨਹੀਂ ਕਰਵਾਇਆ ਜਾਂਦਾ ਤਾਂ ਉਨ੍ਹਾਂ ਨੂੰ ਭਾਰੀ ਜੁਰਮਾਨਿਆਂ ਦਾ ਸਾਹਮਣਾ ਕਰਨਾ ਹੋਵੇਗਾ। ਓਨਟਾਰੀਓ ਦੇ ਕੁੱਝ ਡਰਾਈਵਰਾਂ ਨੂੰ ਅਜਿਹਾ ਨਾ ਕਰਨ ਦੀ ਸੂਰਤ ਵਿੱਚ 500 ਡਾਲਰ ਤੱਕ ਦਾ ਜੁਰਮਾਨਾ ਲੱਗ ਚੁੱਕਿਆ ਹੈ।

ਸ਼ਮਿਡਟ ਨੇ ਆਖਿਆ ਕਿ ਟਰਾਂਸਪੋਰਟੇਸ਼ਨ ਮੰਤਰਾਲੇ ਵੱਲੋਂ ਹੁਣ ਕਿਸੇ ਨੂੰ ਵੀ ਪੈਸੈਂਜਰ ਗੱਡੀ, ਲਾਈਟ ਕਮਰਸ਼ੀਅਲ ਟਰੱਕ, ਮੋਟਰਸਾਈਕਲ ਜਾਂ ਮੋਪਡ ਲਈ ਆਪਣਾ ਵੈਲ ਟੈਗ ਰਨਿਊ ਕਰਵਾਉਣ ਲਈ ਨੋਟਿਸ ਨਹੀਂ ਭੇਜਿਆ ਜਾਵੇਗਾ। ਉਨ੍ਹਾਂ ਆਖਿਆ ਕਿ ਇਸ ਉੱਤੇ ਭਾਵੇਂ ਹੁਣ ਕੋਈ ਫੀਸ ਨਹੀਂ ਵਸੂਲੀ ਜਾਵੇਗੀ ਪਰ ਤੁਹਾਨੂੰ ਆਨਲਾਈਨ ਜਾ ਕੇ ਆਪਣੀ ਰਜਿਸਟ੍ਰੇਸ਼ਨ ਰਨਿਊ ਕਰਵਾਉਣੀ ਹੋਵੇਗੀ।

ਸ਼ਮਿਡਟ ਨੇ ਇਹ ਵੀ ਆਖਿਆ ਕਿ ਇਸ ਦੀ ਐਕਸਪਾਇਰੀ ਤਰੀਕ ਅਕਸਰ ਗੱਡੀ ਦੇ ਮਾਲਕ ਦੇ ਜਨਮਦਿਨ ਦੇ ਨੇੜੇ ਤੇੜੇ ਹੁੰਦੀ ਹੈ ਤੇ ਉਸ ਨੂੰ ਰਨਿਊ ਕਰਵਾਉਣ ਦੀ ਜ਼ਿੰਮੇਵਾਰੀ ਵੀ ਅਕਸਰ ਮਾਲਕ ਦੀ ਹੀ ਹੁੰਦੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਓਨਟਾਰੀਓ ਦੇ ਡਰਾਈਵਰ ਆਪਣੀ ਲਾਇਸੰਸ ਪਲੇਟ ਸਰਵਿਸ ਓਨਟਾਰੀਓ ਦੀ ਲੋਕੇਸ਼ਨ ਉੱਤੇ ਜਾ ਕੇ ਜਾਂ ਆਨਲਾਈਨ ਜਾਂ ਡਾਕ ਰਾਹੀਂ ਰਨਿਊ ਕਰਵਾ ਸਕਦੇ ਹਨ।

# ਐਲਪਸ ਦੀਆਂ ਚੋਟੀਆਂ ਉਤੇ ਘੁੰਮਣ ਗਿਆ ਓਟਵਾ ਦਾ ਟੀਨੇਜਰ ਹੋਇਆ ਲਾਪਤਾ



ਓਟਵਾ, 17 ਜੁਲਾਈ (ਪੋਸਟ ਬਿਊਰੋ) : ਗਰਮੀਆਂ ਦੀਆਂ ਛੁੱਟੀਆਂ ਮਨਾਉਣ ਲਈ ਫਰਾਂਸ ਗਿਆ ਓਟਵਾ ਦਾ ਟੀਨੇਜਰ ਪੰਜ ਦਿਨਾਂ ਤੋਂ ਲਾਪਤਾ ਹੈ। ਰੈਸਕਿਊ ਅਧਿਕਾਰੀਆਂ ਅਨੁਸਾਰ ਇਹ ਟੀਨੇਜਰ ਫਰਾਂਸ ਵਿੱਚ ਐਲਪਸ ਦੀਆਂ ਚੋਟੀਆਂ ਉੱਤੇ ਘੁੰਮਣ ਗਿਆ ਸੀ।

ਫਰਾਂਸ ਦੇ ਅਧਿਕਾਰੀਆਂ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 17 ਸਾਲਾ ਯਾਸਿਨ ਜੁਆਲੀ ਨੂੰ ਆਖਰੀ ਵਾਰੀ 12 ਜੁਲਾਈ ਨੂੰ ਫਰਾਂਸ ਦੇ ਚੈਮੋਨਿਕਸ-ਮੌਂਟ-ਬਲੈਂਕ ਰੀਜਨ ਵਿੱਚ ਦੋਸਤਾਂ ਨਾਲ ਪਹਾੜੀ ਰੇਂਜ ਉੱਤੇ ਵੇਖਿਆ ਗਿਆ ਸੀ। ਇਹ ਫਰਾਂਸ, ਸਵਿਟਜ਼ਰਲੈਂਡ ਤੇ ਇਟਲੀ ਜੰਕਸ਼ਨ ਨੇੜੇ ਇੱਕ ਰਿਜ਼ਾਰਟ ਏਰੀਆ ਹੈ। ਚੈਮੋਨਿਕਸ ਵਿੱਚ ਜੈਂਡਰਮਰੀ ਡੀ ਹਾਤ ਮਾਂਟੇਨ (ਪੀਜੀਐਚਐਮ) ਪੈਲੋਟਨ ਦੇ ਕਮਾਂਡਰ ਆਂਦਰੇ ਵਿਏਨੀ ਐਸਪਿਨੈਸ ਨੇ ਆਖਿਆ ਕਿ ਜੁਆਲੀ ਨੂੰ ਆਖਰੀ ਵਾਰੀ ਟਰੇਲ ਉੱਤੇ ਦੌੜ ਲਾਉਂਦਿਆਂ ਵੇਖਿਆ ਗਿਆ। ਉਸ ਦੇ ਦੋਸਤਾਂ ਨੇ ਪਿਛਲੇ ਮੰਗਲਵਾਰ ਨੂੰ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਵਾਈ ਸੀ।

ਚੈਮੋਨਿਕਸ-ਮੌਂਟ-ਬਲੈਂਕ ਪੀਜੀਐਚਐਮ ਵੱਲੋਂ ਇੱਕ ਵਿਅਕਤੀ ਦੇ ਲਾਪਤਾ ਹੋਣ ਉੱਤੇ ਬੁੱਧਵਾਰ ਨੂੰ ਐਲਰਟ ਵੀ ਜਾਰੀ ਕੀਤਾ ਗਿਆ। ਇਹ ਵੀ ਦੱਸਿਆ ਗਿਆ ਕਿ ਚੈਮੋਨਿਕਸ ਤੇ ਮੌਂਟੇਨਵਰਜ਼ ਦਰਮਿਆਨ ਸਾਰੀਆਂ ਟਰੇਲਜ਼ ਉੱਤੇ ਉਸ ਦੀ ਭਾਲ ਕੀਤੀ ਜਾ ਰਹੀ ਹੈ। ਉਸ ਦੀ ਭਾਲ ਕਰਨ ਲਈ 35 ਵਿਅਕਤੀ ਲੱਗੇ ਹੋਏ ਹਨ ਤੇ ਉਨ੍ਹਾਂ ਕੋਲ ਡਰੋਨਜ਼ ਤੇ ਸੂਹੀਆ ਕੁੱਤਿਆਂ ਦੀਆਂ ਟੀਮਾਂ ਵੀ ਹਨ। ਉਨ੍ਹਾਂ ਦੱਸਿਆ ਕਿ ਜੁਆਲੀ ਦੇ ਪਰਿਵਾਰ ਨਾਲ ਵੀ ਪੂਰਾ ਰਾਬਤਾ ਰੱਖਿਆ ਜਾ ਰਿਹਾ ਹੈ।

ਉਸ ਦੇ ਦੋਸਤਾਂ ਨੇ ਦੱਸਿਆ ਕਿ ਜੁਆਲੀ ਨੇ ਪਿੱਛੇ ਜਿਹੇ ਹੀ ਓਟਵਾ ਦੇ ਸਰ ਰੌਬਰਟ ਬਰਡਨ ਹਾਈ ਸਕੂਲ ਤੋਂ ਆਪਣੀ ਗ੍ਰੈਜੂਏਸ਼ਨ ਮੁਕੰਮਲ ਕੀਤੀ ਸੀ। ਉਸ ਦੀ ਭਾਲ ਲਈ ਕਈ ਪਰਿਵਾਰਕ ਮੈਂਬਰ ਤੇ ਦੋਸਤ ਵੀ ਫਰਾਂਸ ਪਹੁੰਚ ਗਏ ਹਨ।


























































# ਮਾਰਗਰੇਟ ਅਲਵਾ ਉਪ ਰਾਸ਼ਟਰਪਤੀ ਅਹੁਦੇ ਲਈ ਵਿਰੋਧੀ ਧਿਰ ਦੀ ਉਮੀਦਵਾਰ ਹੋਵੇਗੀ



ਨਵੀਂ ਦਿੱਲੀ, 17 ਜੁਲਾਈ, (ਪੋਸਟ ਬਿਊਰੋ)-ਪਾਰਲੀਮੈਂਟਦੇ ਮਾਨਸੂਨ ਸੈਸ਼ਨ ਤੋਂ ਇੱਕ ਦਿਨ ਪਹਿਲਾਂ ਅੱਜ ਐਤਵਾਰਨੂੰ ਵਿਰੋਧੀ ਪਾਰਟੀਆਂ ਦੀ ਮੀਟਿੰਗ ਵਿੱਚ ਉੱਪ ਰਾਸ਼ਟਰਪਤੀ ਅਹੁਦੇ ਲਈ ਮਾਰਗਰੇਟ ਅਲਵਾ ਨੂੰ ਉਮੀਦਵਾਰ ਬਣਾਉਣ ਦਾ ਐਲਾਨ ਕੀਤਾ ਗਿਆ ਹੈ। ਭਾਜਪਾ ਦੀ ਅਗਵਾਈ ਵਾਲੀ ਐਨਡੀਏ ਗੱਠਜੋੜ ਨੇ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਇੱਕ ਦਿਨ ਪਹਿਲਾਂ ਜਗਦੀਪ ਧਨਖੜ ਨੂੰ ਆਪਣਾ ਉਮੀਦਵਾਰ ਐਲਾਨ ਕੀਤਾ ਸੀ।

ਅੱਜ ਏਥੇ ਐੱਨ ਸੀ ਪੀ ਪਾਰਟੀ ਦੇ ਮੁਖੀ ਸ਼ਰਦ ਪਵਾਰ ਦੀ ਰਿਹਾਇਸ਼ ਉੱਤੇ ਵਿਰੋਧੀ ਪਾਰਟੀਆਂ ਦੀ ਬੈਠਕ ਵਿੱਚ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਵਜੋਂ ਮਾਰਗਰੇਟ ਅਲਵਾ ਦੇ ਨਾਂਅ ਉੱਤੇ ਸਹਿਮਤੀ ਹੋ ਗਈ। ਬੈਠਕ ਤੋਂ ਬਾਅਦ ਐੱਨਸੀਪੀ ਦੇ ਮੁਖੀ ਸ਼ਰਦ ਪਵਾਰ ਨੇ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਵਿਰੋਧੀ ਧਿਰ ਦੀ ਉਮੀਦਵਾਰ ਵਜੋਂ ਮਾਰਗਰੇਟ ਅਲਵਾ ਦੇ ਨਾਂ ਦਾ ਐਲਾਨ ਕੀਤਾ। ਮਾਰਗਰੇਟ ਅਲਵਾ ਕਾਂਗਰਸ ਦੀ ਮਜ਼ਬੂਤ ਨੇਤਾ ਰਹਿ ਚੁੱਕੀ ਹੈਅਤੇ ਪਿੱਛੇ ਜਿਹੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ 2023 ਦੀਆਂ ਕਰਨਾਟਕ ਵਿਧਾਨ ਸਭਾ ਚੋਣਾਂ ਲਈ ਸਿਆਸੀ ਮਾਮਲਿਆਂ ਦੀ ਕਮੇਟੀ ਦਾ ਗਠਨ ਕੀਤਾ ਤਾਂ ਇਸ ਵਿੱਚ ਮਾਰ-ਗਰੇਟ ਅਲਵਾ ਵੀ ਸ਼ਾਮਲ ਸੀ। ਮਾਰਗਰੇਟ ਅਲਵਾ ਪਿਛਲੀਆਂ ਕਾਂਗਰਸ ਦੀ ਅਗਵਾਈ ਵਾਲੀ ਸਰਕਾਰਾਂਮੌਕੇ ਗਵਰਨਰ ਸਮੇਤ ਕਈ ਅਹਿਮ ਅਹੁਦਿਆਂ ਉੱਤੇ ਰਹਿ ਚੁੱਕੀ ਹੈ।

ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਸੈਸ਼ਨ ਬਾਰੇ ਸਰਬ ਪਾਰਟੀ ਮੀਟਿੰਗ ਸੱਦੀ ਸੀ।ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਕਿਹਾ ਸੀ ਕਿ ਸਰਕਾਰ ਸਾਰੇ ਮੁੱਦਿਆਂ ਉੱਤੇ ਚਰਚਾ ਲਈ ਤਿਆਰ ਹੈ ਅਤੇ ਬਿਨਾਂ ਬਹਿਸ ਤੋਂ ਬਿੱਲ ਪਾਸ ਨਹੀਂ ਕਰੇਗੀ। ਉਨ੍ਹਾਂ ਇਹ ਵੀ ਕਿਹਾ ਕਿ ਵਿਰੋਧੀ ਧਿਰਬੇ-ਮਤਲਬ ਮੁੱਦੇ ਬਣਾ ਰਹੀ ਹੈ।ਬੀਤੇ ਸ਼ਨੀਵਾਰ ਲੋਕ ਸਭਾ ਸਪੀਕਰ ਨੇ ਵੀ ਸਾਰੀਆਂ ਪਾਰਟੀਆਂ ਦੀ ਬੈਠਕ ਸੱਦੀ ਸੀ, ਜਿਸਵਿੱਚ ਵਿਰੋਧੀ ਧਿਰਾਂ ਨੇ ਅਗਨੀਪੱਥ ਯੋਜਨਾ, ਬੇਰੁਜ਼ਗਾਰੀ ਅਤੇ ਕਿਸਾਨੀ ਮੱਦਿਆਂ ਉੱਤੇ ਚਰਚਾ ਦੀ ਮੰਗ ਕੀਤੀ ਸੀ। ਵਿਰੋਧੀ ਧਿਰ ਦੇ ਵਿਹਾਰ ਤੋਂ ਸਾਫ ਹੈ ਕਿ ਸੈਸ਼ਨ ਕਾਫੀ ਗਰਮ ਹੋਵੇਗਾ। ਸਰਕਾਰ ਵੱਲੋਂਸੱਦੀ ਸਰਬ ਪਾਰਟੀ ਬੈਠਕ ਵਿਚਲੇ ਮੁੱਦਿਆਂ ਬਾਰੇ ਕਾਂਗਰਸਨੇਤਾ ਮਲਿਕਾਰਜੁਨ ਖੜਗੇ ਨੇ ਕਿਹਾਕਿ ਸਰਬ ਪਾਰਟੀ ਬੈਠਕ ਵਿੱਚ ਕਈ ਮੁੱਦਿਆਂ ਉੱਤੇ ਚਰਚਾ ਹੋਈ ਹੈ, ਅਸੀਂ ਸਰਕਾਰ ਨੂੰ ਘੱਟੋ-ਘੱਟ 13 ਮੁੱਦੇ ਦੱਸੇ ਹਨ। ਕੁੱਲ ਮਿਲਾ ਕੇ ਲਗਪਗ 20 ਮੁੱਦੇ ਹਨ।ਪਤਾ ਲੱਗਾ ਹੈ ਕਿ 32 ਬਿੱਲ ਹਨ, ਜਿਨ੍ਹਾਂ ਵਿੱਚੋਂ ਅਜੇ 14 ਤਿਆਰ ਹਨ, ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ 14 ਬਿੱਲ ਕਿਹੜੇ ਹਨ।

# ਬੰਗਲਾਦੇਸ਼ ਵਿੱਚ ਫੇਸਬੁੱਕ ਪੋਸਟ ਕਾਰਨ ਹਿੰਦੂ ਭਾਈਚਾਰੇ ਦੇ ਮੰਦਰਾਂ ਅਤੇ ਘਰਾਂ ਉਤੇ ਹਮਲੇ



ਢਾਕਾ, 17 ਜੁਲਾਈ, (ਪੋਸਟ ਬਿਊਰੋ)-ਕਿਸੇ ਫੇਸਬੁੱਕ ਪੇਜ ਉੱਤੇਪਾਈ ਇੱਕ ਪੋਸਟ ਵਿਚ ਇਸਲਾਮ ਦੇ ਅਪਮਾਨ ਦੇ ਮੁੱਦੇ ਤੋਂ ਦੱਖਣੀ-ਪੱਛਮੀ ਬੰਗਲਾ ਦੇਸ਼ਵਿੱਚਹਿੰਦੂ ਭਾਈਚਾਰੇ ਦੇ ਇੱਕ ਮੰਦਰ, ਦੁਕਾਨਾਂ ਅਤੇ ਕਈ ਘਰਾਂ ਦੀ ਭੰਨਤੋੜ ਕੀਤੀ ਗਈ ਹੈ, ਜਿਸ ਕਾਰਨ ਕਈ ਥਾਈਂ ਸਥਿਤੀ ਤਨਾਅ ਵਾਲੀ ਹੈ।

ਅੱਜ ਐਤਵਾਰਮੀਡੀਆ ਰਿਪੋਰਟਾਂ ਵਿੱਚ ਸਥਾਨਕ ਥਾਣੇ ਦੇ ਇੰਸਪੈਕਟਰ ਹਰਨ ਚੰਦਰ ਪਾਲ ਨੇਦੱਸਿਆ ਹੈ ਕਿ ਸ਼ੁੱਕਰਵਾਰ ਸ਼ਾਮ ਅਣਪਛਾਤੇ ਬੰਦਿਆਂ ਨੇ ਨਰੇਲ ਜ਼ਿਲੇ ਦੇ ਸਹਿਪਾਰਾ ਪਿੰਡਦੇ ਕਈ ਘਰਾਂ ਵਿੱਚ ਭੰਨਤੋੜ ਕੀਤੀ ਤੇ ਇੱਕ ਘਰ ਨੂੰ ਅੱਗ ਲਾ ਦਿੱਤੀ।ਇਸ ਮੌਕੇ ਪੁਲਸ ਨੇ ਹਮਲਾਵਰਾਂ ਨੂੰ ਖਦੇੜਨ ਲਈ ਹਵਾ ਵਿੱਚ ਗੋਲੀ ਚਲਾਈ। ਉਨ੍ਹਾਂ ਦੱਸਿਆ ਕਿ ਸ਼ਾਮਕਰੀਬ 7:30 ਵਜੇ ਹਮਲਾਵਰਾਂ ਨੇ ਪਿੰਡ ਦੇ ਇੱਕ ਮੰਦਰ ਉੱਤੇ ਇੱਟਾਂ ਸੁੱਟੀਆਂਅਤੇ ਅੰਦਰਲਾ ਫਰਨੀਚਰ ਤੋੜ ਦਿੱਤਾ। ਡੇਲੀ ਸਟਾਰ ਅਖ਼ਬਾਰ ਦੀ ਖ਼ਬਰ ਹੈ ਕਿ ਕਈ ਦੁਕਾਨਾਂ ਦੀ ਭੰਨਤੋੜ ਹੋਈ ਹੈ। ਹਰਨ ਦੇ ਮੁਤਾ-ਬਕ ਇਕ ਨੌਜਵਾਨ ਨੇ ਫੇਸਬੁੱਕ ਉੱਤੇ ਕੁਝ ਇਤਰਾਜ਼ਯੋਗ ਪੋਸਟ ਪਾਈ ਸੀ, ਜਿਸ ਦਾ ਮੁਸਲਿਮ ਭਾਈਚਾਰੇ ਵਿੱਚ ਗੁੱਸਾ ਹੈ। ਪੁਲਸ ਨੇ ਉਸ ਦੀ ਕਾਫੀ ਭਾਲ ਕੀਤੀ, ਪਰ ਜਦੋਂ ਨਾ ਮਿਲਿਆ ਤਾਂ ਉਸ ਦੇ ਪਿਤਾ ਨੂੰ ਥਾਣੇ ਲੈ ਗਈ।

ਨਰੇਲ ਦੇ ਪੁਲਸ ਸੁਪਰਡੈਂਟ ਪ੍ਰਬੀਰ ਕੁਮਾਰ ਰਾਏ ਨੇ ਕਿਹਾ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਸਥਿਤੀ ਸੰਭਾਲ ਰਹੀਆਂ ਹਨ।ਉਨ੍ਹਾਂ ਕਿਹਾ ਕਿ ਅਸੀਂ ਘਟਨਾ ਦੀ ਜਾਂਚ ਕਰ ਰਹੇ ਹਾਂ ਤੇ ਦੋਸ਼ੀਆਂ ਉੱਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਦੀ ਡੇਲੀ ਸਟਾਰ ਅਖ਼ਬਾਰ ਮੁਤਾਬਕ ਬਾਅਦ ਵਿੱਚ ਹਿੰਸਾ ਹੋਣ ਰੋਕਣ ਲਈ ਇਲਾਕੇ ਵਿਚ ਪੁਲਸ ਫੋਰਸ ਲਾ ਦਿੱਤੀ ਹੈ। ਇੱਕ ਸਥਾਨਕ ਔਰਤ ਦੀਪਾਲੀ ਰਾਣੀ ਸਾਹਾ ਨੇ ਕਿਹਾ: 'ਇੱਕ ਟੋਲੇ ਨੇ ਸਾਡਾ ਕੀਮਤੀ ਸਮਾਨ ਲੁੱਟ ਲਿਆ। ਫਿਰ ਇਕ ਹੋਰ ਟੋਲਾ ਆਇਆ ਤੇ ਦਰਵਾਜ਼ਾ ਖੁੱਲ੍ਹਾ ਦੇਖਿਆ, ਪਰ ਕਿਉਂਕਿ ਲੁੱਟ ਲਈ ਕੁਝ ਨਹੀਂ ਬਚਿਆ ਸੀ, ਇਸ ਲਈ ਉਨ੍ਹਾਂ ਨੇ ਘਰ ਨੂੰ ਅੱਗ ਲਾ ਦਿੱਤੀ।' ਦੀਪਾਲੀ ਦਾ ਘਰ ਸਹਿਪਾੜਾ ਪਿੰਡ ਦੇ ਦਰਜਨਾਂ ਘਰਾਂ ਤੇ ਦੁਕਾਨਾਂ ਵਿੱਚੋਂ ਇੱਕ ਹੈ, ਜਿਨ੍ਹਾਂ ਨੂੰ ਤੋੜਿਆ ਜਾਂ ਸਾੜ ਦਿੱਤਾ ਗਿਆ ਹੈ। ਦਿਘਾਲੀਆ ਸੰਘ ਪ੍ਰੀਸ਼ਦ ਦੀ ਸਾਬਕਾ ਮਹਿਲਾ ਮੈਂਬਰ ਨੇ ਦੱਸਿਆ ਕਿ ਹਮਲੇ ਪਿੱਛੋਂ ਬਹੁਤੇ ਲੋਕ ਪਿੰਡ ਛੱਡ ਗਏ ਹਨ। ਉਨ੍ਹਾਂ ਦੱਸਿਆ ਕਿ "ਲਗਭਗ ਸਾਰੇ ਘਰੀਂ ਤਾਲੇ ਲੱਗੇ ਹਨ"। ਪਿੰਡ ਦੇ ਰਾਧਾ-ਗੋਵਿੰਦ ਮੰਦਰ ਦੇ ਪ੍ਰਧਾਨ ਸ਼ਿਵਨਾਥ ਸਾਹਾ (65) ਨੇ ਕਿਹਾ ਕਿ ਪੁਲਸ ਰਾਖੀ ਕਰਦੀ ਹੈ, ਪਰ ਸਾਨੂੰ ਉਨ੍ਹਾਂ ਉੱਤੇ ਭਰੋਸਾ ਨਹੀਂ।ਇੱਕ ਟੀ ਵੀ ਚੈਨਲ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਮੁਸਲਿਮ ਬਹੁਗਿਣਤੀ ਵਾਲੇ ਬੰਗਲਾ ਦੇਸ਼ਵਿੱਚ ਧਾਰਮਿਕ ਘੱਟ ਗਿਣਤੀਆਂ ਉੱਤੇ ਹਮਲੇ ਵਧ ਰਹੇ ਹਨ ਤੇ ਇਨ੍ਹਾਂ ਵਿੱਚੋਂ ਬਹੁਤੇ ਹਮਲੇ ਸੋਸ਼ਲ ਮੀਡੀਆ ਉੱਤੇ ਅਫਵਾਹਾਂ ਜਾਂ ਇਤਰਾਜ਼ਯੋਗ ਪੋਸਟਾਂ ਕਾਰਨ ਹੋਏ ਹਨ। ਪਿਛਲੇ ਸਾਲ ਦੁਰਗਾ ਪੂਜਾ ਦੇ ਜਸ਼ਨਾਂ ਦੌਰਾਨ ਅਣਪਛਾਤੇ ਮੁਸਲਿਮ ਕੱਟੜਪੰਥੀਆਂ ਨੇਬੰਗਲਾ ਦੇਸ਼ਵਿੱਚ ਕੁਝ ਹਿੰਦੂ ਮੰਦਰਾਂ ਦੀ ਭੰਨਤੋੜ ਕੀਤੀ ਸੀ, ਜਿਸ ਮਗਰੋਂ ਸਰਕਾਰ ਨੂੰ 22 ਜ਼ਿਲ੍ਹਿਆਂ ਵਿੱਚ ਅਰਧ ਸੈਨਿਕ ਫੋਰਸ ਤਾਇਨਾਤ ਕਰਨ ਲਈ ਮਜਬੂਰ ਕੀਤਾ ਗਿਆ ਸੀ।

# ਪੀਵੀ ਸਿੰਧੂ ਨੇ ਚੀਨ ਦੀ ਖਿਡਾਰਨ ਨੂੰ ਹਰਾ ਕੇ ਸਿੰਗਾਪੁਰ ਓਪਨ ਦਾ ਖ਼ਿਤਾਬ ਜਿੱਤਿਆ




ਸਿੰਗਾਪੁਰ, 17 ਜੁਲਾਈ, (ਪੋਸਟ ਬਿਊਰੋ)- ਦੋ ਵਾਰ ਦੀ ਓਲੰਪਿਕ ਮੈਡਲ ਜੇਤੂਭਾਰਤੀ ਖਿਡਾਰਨ ਪੀਵੀ ਸਿੰਧੂ ਨੇ ਅੱਜ ਐਤਵਾਰ ਨੂੰ ਏਥੇ ਮਹਿਲਾ ਸਿੰਗਲਜ਼ ਦੇ ਫਾਈਨਲ ਵਿੱਚ ਚੀਨ ਦੀ ਵਾਂਗ ਝੀ ਯੀ ਨੂੰ ਤਿੰਨ ਗੇਮਾਂ ਤੱਕ ਚੱਲਦੇ ਰਹੇ ਸਖ਼ਤ ਮੁਕਾਬਲੇ ਵਿਚ ਹਰਾ ਕੇ ਸਿੰਗਾਪੁਰ ਓਪਨ ਬੈਡਮਿੰਟਨ ਸੁਪਰ 500 ਟੂਰਨਾਮੈਂਟ ਦਾ ਖ਼ਿਤਾਬ ਜਿੱਤ ਲਿਆ।


ਪੀ ਵੀ ਸਿੰਧੂ ਨੇ ਗ਼ਲਤੀਆਂ ਪਿੱਛੋਂਮਹੱਤਵ ਪੂਰਨ ਸਮੇਂਧੀਰਜ ਰੱਖ ਕੇ ਏਸ਼ੀਆਈ ਚੈਂਪੀਅਨਸ਼ਿਪ ਦੀ ਮੌਜੂਦਾ ਚੈਂਪੀਅਨ ਚੀਨੀ ਖਿਡਾਰਨ ਨੂੰ 21-9, 11-21, 21-15 ਨਾਲ ਹਰਾਇਆ।ਸਿੰਧੂ ਨੇ ਇਸ ਤੋਂ ਪਹਿਲਾਂ ਵਾਂਗ ਦੇ ਖ਼ਿਲਾਫ਼ ਆਪਣਾ ਇੱਕੋ ਇੱਕ ਮੈਚ ਜਿੱਤਿਆ ਸੀ। ਉਨ੍ਹਾਂ ਨੇ ਇਸੇ ਸਾਲ ਆਲ ਇੰਗਲੈਂਡ ਚੈਂਪੀਅਨਸ਼ਿਪ ਵਿੱਚ ਵੀ ਚੀਨੀ ਖਿਡਾਰਨ ਨੂੰ ਹਰਾਇਆ ਸੀ।ਅੱਜ ਦੀ ਖ਼ਿਤਾਬੀ ਜਿੱਤ ਨਾਲ ਸਿੰਧੂ ਦਾ ਹੌਸਲਾ ਵਧੇਗਾ ਅਤੇ ਬਰਮਿੰਘਮ ਵਿਚ 28 ਜੁਲਾਈ ਤੋਂ ਸ਼ੁਰੂ ਹੋਣ ਵਾਲੀਆਂ ਕਾਮਨਵੈੱਲਥ ਗੇਮਜ਼ ਵਿਚ ਭਾਰਤ ਦੀ ਅਗਵਾਈ ਕਰੇਗੀ।ਸਿੰਧੂ ਓਲੰਪਿਕ ਵਿਚ ਸਿਲਵਰ ਅਤੇ ਕਾਂਸੇ ਦੇ ਮੈਡਲ ਤੋਂ ਇਲਾਵਾ ਵਿਸ਼ਵ ਚੈਂਪੀਅਨਸ਼ਿਪ ਦਾ ਇੱਕ ਗੋਲਡ, ਦੋ ਸਿਲਵਰ ਤੇ ਦੋ ਕਾਂਸੇ ਦੇ ਮੈਡਲ ਵੀ ਜਿੱਤ ਚੁੱਕੀ ਹੈ।

# ਪ੍ਰਧਾਨ ਮੰਤਰੀ ਮੋਦੀ ਦੇ 'ਰੇਵੜੀ ਕਲਚਰ' ਦੇ ਜੁਮਲੇ ਦਾ ਕੇਜਰੀਵਾਲ ਵੱਲੋਂ ਮੋੜਵਾਂ ਜਵਾਬ

ਨਵੀਂ ਦਿੱਲੀ, 17 ਜੁਲਾਈ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਸ਼ਨੀਵਾਰ ਨੂੰ ਉੱਤਰ ਪ੍ਰਦੇਸ਼ ਵਿੱਚ ਬੁੰਦੇਲਖੰਡ ਐਕਸਪ੍ਰੈੱਸ-ਵੇਅ ਦਾ ਉਦਘਾਟਨ ਕੀਤਾ। ਇਸ ਦੌਰਾਨ ਉਨ੍ਹਾਂ ਕਿਹਾ 'ਰੇਵੜੀ ਕਲਚਰ' ਤੋਂ ਦੇਸ਼ ਦੇ ਲੋਕਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਇਸ ਦਾ ਭਾਵ ਸੀ ਕਿ ਮੁਫਤ ਮਾਲ ਦੀਆਂ ਛੋਟਾਂ ਕੁਝ ਪਾਰਟੀਆਂ ਚੋਣਾਂ ਦੇ ਦੌਰਾਨ ਦੇਣ ਲੱਗ ਜਾਂਦੀਆਂ ਹਨ, ਇਸ ਦੇ ਬਾਰੇ ਭਾਰਤ ਦੇ ਲੋਕਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ।

ਅੱਜ ਸ਼ਨੀਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਰੇਵੜੀ ਕਲਚਰ' ਵਾਲੇ ਬਿਆਨ ਬਾਰੇ ਆਮ ਆਦਮੀ ਪਾਰਟੀ ਦੇ ਮੁਖੀ ਤੇਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੋੜਵਾਂ ਵਾਰ ਕਰਦਿਆਂ ਕਿਹਾ ਕਿ ਆਪਣੇ ਦੇਸ਼ ਦੇ ਬੱਚਿਆਂ ਨੂੰ ਮੁਫ਼ਤ ਅਤੇ ਚੰਗੀ ਸਿੱਖਿਆ ਦੇਣ ਅਤੇ ਲੋਕਾਂ ਦਾ ਚੰਗਾ ਅਤੇ ਮੁਫ਼ਤ ਇਲਾਜ ਕਰਾਉਣ ਨੂੰ ਮੁਫ਼ਤ ਦੀ ਰੇਵੜੀ ਵੰਡਣਾ ਨਹੀਂ ਕਹਿ ਸਕਦੇ, ਅਸੀਂ ਇੱਕ ਵਿਕਸਿਤ ਅਤੇ ਮਾਣ-ਮੱਤੇ ਭਾਰਤ ਦੀ ਨੀਂਹ ਰੱਖ ਰਹੇ ਹਾਂ ਅਤੇ ਜਿਹੜਾ ਕੰਮ ਅਸੀਂ ਕਰ ਰਹੇ ਹਾਂ, ਇਹ ਕੰਮ ਅਸਲ ਵਿੱਚ ਇਸ ਦੇਸ਼ ਵਿੱਚ 75 ਸਾਲ ਪਹਿਲਾਂ ਹੋ ਜਾਣਾ ਚਾਹੀਦਾ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਉੱਤਰ ਪ੍ਰਦੇਸ਼ ਵਿੱਚ ਬੁੰਦੇਲਖੰਡ ਐਕਸਪ੍ਰੈੱਸ ਵੇਅ ਦਾ ਉਦਘਾਟਨ ਕਰਨ ਵੇਲੇ ਕਿਸੇ ਸਿਆਸੀ ਧਿਰ ਜਾਂ ਨੇਤਾ ਦਾ ਨਾਂ ਲਏ ਬਿਨਾਂ 'ਰੇਵੜੀ ਕਲਚਰ' (ਲੋਕਾਂ ਨੂੰ ਮੁਫ਼ਤ ਵਿੱਚ ਸਹੂਲਤਾਂ ਵੰਡਣ ਦੀ ਰਾਜਨੀਤੀ) ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਰੇਵੜੀ ਕਲਚਰ ਦੇਸ਼ ਦੇ ਵਿਕਾਸ ਲਈ ਖ਼ਤਰਨਾਕ ਹੈ। ਕੇਜਰੀਵਾਲ ਨੇ ਇਸ ਉੱਤੇਮੋੜਵਾਂ ਵਾਰ ਕਰਦੇ ਹੋਏ ਕਿਹਾ ਕਿ ਅਸੀਂ ਦਿੱਲੀ ਦੀਆਂ ਔਰਤਾਂ ਨੂੰ ਮੁਫ਼ਤ ਬੱਸਸਫਰ ਦੀ ਸਹੂਲਤ ਦਿੱਤੀਹੈ, ਇਸਕਾਰਨ ਜੋ ਲੋਕ ਮੈਨੂੰ ਗਾਲ੍ਹਾਂ ਕੱਢਦੇ ਹਨ, ਉਹਆਮ ਜਨਤਾ ਦੇ ਪੈਸੇ ਤੋਂ ਹਜ਼ਾਰਾਂ ਕਰੋੜ ਰੁਪਏ ਖਰਚ ਕਰ ਕੇ ਆਪਣੇ ਲਈ ਪ੍ਰਾਈਵੇਟ ਜਹਾਜ਼ ਖਰੀਦਦੇ ਹਨ। ਕੇਜਰੀਵਾਲ ਨੇ ਕਿਹਾ ਕਿ 'ਦਿੱਲੀ ਦੇ ਸਰਕਾਰੀ ਸਕੂਲਾਂ ਵਿੱਚ 18 ਲੱਖ ਬੱਚੇ ਪੜ੍ਹਦੇ ਹਨ, ਦੇਸ਼ ਦੇ ਸਰਕਾਰੀ ਸਕੂਲਾਂ ਦਾ ਬੇੜਾ ਗਰਕ ਸੀ, ਓਹੀ ਹਾਲ ਦਿੱਲੀ ਦੇ ਸਰਕਾਰੀ ਸਕੂਲਾਂ ਦਾ ਸੀ।ਉਨ੍ਹਾਂ ਕਿਹਾ ਕਿ 18 ਲੱਖ ਬੱਚਿਆਂ ਦਾ ਭਵਿੱਖ ਬਰਬਾਦ ਸੀ, ਅਸੀਂ ਜੇ ਉਨ੍ਹਾਂ ਦਾ ਭਵਿੱਖ ਠੀਕ ਕੀਤਾ ਹੈ ਮੈਂ ਕੀ ਗੁਨਾਹ ਕੀਤਾ ਹੈ? ਇਹ ਰੇਵੜੀ ਨਹੀਂ, ਦੇਸ਼ ਦੀ ਨੀਂਹ ਹੈ।ਅਸੀਂਦਿੱਲੀ ਦੇ ਸਰਕਾਰੀ ਹਸਪਤਾਲ ਸ਼ਾਨਦਾਰ ਕਰ ਦਿੱਤੇ ਹਨ। ਮੁਹੱਲਾ ਕਲੀਨਿਕ ਸ਼ਾਨਦਾਰ ਕਰ ਦਿੱਤੇ ਹਨ, ਜਿਨ੍ਹਾਂ ਦੀ ਚਰਚਾ ਪੂਰੀ ਦੁਨੀਆ ਵਿੱਚ ਹੋ ਰਹੀ ਹੈ।'



## ਬੇਅਦਬੀ ਕੇਸ ਦੀ ਜਾਂਚ; ਫਰੀਦਕੋਟ ਵਿੱਚ ਐੱਸ ਪੀ ਜਗਦੀਸ਼ ਬਿਸ਼ਨੋਈ ਨੂੰ ਲਾਏ ਜਾਣ ਦਾ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ



ਫਰੀਦਕੋਟ, 17 ਜੁਲਾਈ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨਸਾਲ 2015 ਵਿੱਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਦਾ ਇਨਸਾਫ਼ ਦੀ ਮੰਗ ਕਰਦੀਆਂ ਸਿੱਖ ਜਥੇਬੰਦੀਆਂ ਨੇ ਜਗਦੀਸ਼ ਬਿਸ਼ਨੋਈ ਨੂੰ ਫਰੀਦਕੋਟ ਵਿੱਚ ਐੱਸ ਪੀ (ਹੈੱਡਕੁਆਰਟਰ) ਵਜੋਂ ਤਾਇਨਾਤ ਕਰਨ ਦਾ ਵਿਰੋਧ ਕੀਤਾ ਹੈ।

ਵਰਨਣ ਯੋਗ ਹੈ ਕਿ ਸਾਲ 2015 ਵਿੱਚ ਜੈਤੋ ਦੇ ਡੀਐਸਪੀ ਵਜੋਂ ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਉਪਾਅ ਨਾ ਕਰਨ ਕਰ ਕੇ ਇਸ ਪੁਲੀਸ ਅਧਿਕਾਰੀ ਦੀ ਆਲੋਚ-ਨਾ ਹੋਈ ਸੀ।ਬਹਿਬਲ ਕਲਾਂ ਵਿੱਚ ਪੁਲੀਸ ਗੋਲੀ ਕਾਂਡ ਦੇ ਇਨਸਾਫ਼ ਦੀ ਮੰਗ ਲਈ ਕਈ ਸਿੱਖਸੰਗਠਨਬੀਤੇ ਕਰੀਬ ਸੱਤ ਮਹੀਨਿਆਂ ਤੋਂ ਰੋਸ ਪ੍ਰਗਟ ਕਰ ਰਹੇ ਹਨ।ਇਨ੍ਹਾਂਸਿੱਖਸੰਗਠਨਾਂਦਾ ਦਾਅਵਾ ਹੈ ਕਿਜਿਸ ਜਗਦੀਸ਼ ਬਿਸ਼ਨੋਈਨੂੰ ਦੋ ਦਿਨ ਪਹਿਲਾਂ ਮੁਕਤਸਰ ਤੋਂ ਫਰੀਦਕੋਟ ਬਦਲਿਆ ਹੈ, ਬੇਅਦਬੀ ਤੇ ਪੁਲਿਸ ਗੋਲੀਬਾਰੀ ਦੀਆਂ ਘਟਨਾਵਾਂ ਦੀ ਜਾਂਚ ਵਿੱਚ ਰੁਕਾਵਟ ਪਾਵੇਗਾ।

ਵਰਨਣ ਯੋਗ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਦੀਜਾਂਚਵਿੱਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਚੇਤਾਵਨੀ ਦੇ ਬਾਵਜੂਦ ਰੋਕਥਾਮ ਦੇ ਉਪਾਅ ਨਾ ਕਰਨ ਲਈ ਜਗਦੀਸ਼ ਬਿਸ਼ਨੋਈ ਨੂੰ ਜ਼ਿੰਮੇਵਾਰ ਕਿਹਾ ਸੀ।ਸਿੱਖ ਸੰਗਠਨਾਂ ਨੇ ਦੋਸ਼ ਲਾਇਆ ਕਿ ਬੇਅਦਬੀ ਦੀਆਂ ਘਟਨਾਵਾਂ ਪੁਲਿਸ ਦੀ ਲਾਪਰਵਾਹੀ ਕਾਰਨ ਵਾਪਰੀਆਂ ਸਨ। ਪੀੜਤ ਪਰਿਵਾਰ ਦੇ ਇੱਕ ਮੈਂਬਰ ਦਾ ਇਹ ਵੀ ਦਾਅਵਾ ਹੈ ਕਿ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਫਸਾਉਣ ਲਈ 14 ਅਕਤੂਬਰ 2015 ਨੂੰ ਆਪਣੀ ਇੱਕ ਪੁਲਸ ਗੱਡੀ ਨੂੰ ਸਾੜ ਦਿੱਤਾ ਸੀ ਅਤੇ ਉਹ ਗੱਡੀ ਜੈਤੋ ਦੇ ਡੀਐਸਪੀ ਬਿਸ਼ਨੋਈ ਦੀ ਸੀ।

## ਮਾਨ ਵੱਲੋਂ ਪੰਜਾਬ ਦੇ ਨਦੀਆਂ, ਨਾਲਿਆਂ ਦੀ ਸਫ਼ਾਈ ਦੀ ਸੂਬਾ ਪੱਧਰੀ ਮੁਹਿੰਮ ਚਲਾਉਣ ਦਾ ਐਲਾਨ

ਸੁਲਤਾਨਪੁਰ ਲੋਧੀ, 17 ਜੁਲਾਈ, (ਪੋਸਟ ਬਿਊਰੋ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿੱਚ ਨਦੀਆਂ-ਨਾਲਿਆਂ ਦੀ ਸਫਾਈ ਲਈ ਸੂਬਾ ਪੱਧਰ ਦੀ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ।

ਅੱਜ ਏਥੇ ਪਵਿੱਤਰ ਕਾਲੀ ਵੇਈਂ ਦੀ ਸਵੱਛਤਾ ਦੀ 22ਵੀਂ ਵਰ੍ਹੇਗੰਢ ਮੌਕੇ ਹੋਏ ਸਮਾਗਮ ਵਿੱਚ ਬੋਲਦੇ ਹੋਏਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ ਅਤੇ ਸੰਤਾਂ ਦੀ ਪਵਿੱਤਰ ਧਰਤੀ ਹੈ, ਜਿਨ੍ਹਾਂ ਨੇ ਵਾਤਾਵਰਨ ਦੀ ਸੰਭਾਲ ਦਾ ਰਾਹ ਦਿਖਾਇਆ ਸੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੇ ਦੱਸੇ ਰਾਹ ਉੱਤੇਚੱਲ ਕੇਰਾਜ ਸਰਕਾਰ ਕੁਦਰਤੀ ਸੋਮਿਆਂ, ਦਰਿਆਵਾਂ ਅਤੇ ਨਾਲਿਆਂ ਦੀ ਸਫ਼ਾਈ ਲਈ ਜਲਦੀ ਹੀ ਵੱਡੀ ਮੁਹਿੰਮ ਸ਼ੁਰੂ ਕਰੇਗੀ।ਉਨ੍ਹਾ ਨੇ ਕਿਹਾ ਕਿ ਇਸ ਕੰਮ ਲਈ ਫੰਡਾਂ ਦੀ ਘਾਟ ਨਹੀਂ, ਪਰ ਇਸ ਨੂੰ ਲੋਕ-ਲਹਿਰ ਬਣਾਉਣ ਲਈ ਉਹ ਲੋਕਾਂ ਤੋਂ ਸਹਿਯੋਗ ਮੰਗਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸੂਬੇ ਵਿੱਚ ਹਰਿਆਲੀ ਲਈ ਸ਼ਹੀਦ ਭਗਤ ਸਿੰਘ ਹਰਿਆਲੀ



ਲਹਿਰਵੀ ਸ਼ੁਰੂ ਕੀਤੀ ਹੈ।

ਇਸ ਮੌਕੇ ਗੁਰਬਾਣੀ ਦਾ ਹਵਾਲਾ ਦੇ ਕੇਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਰਾਹੀਂ ਗੁਰੂ ਸਾਹਿਬਾਨ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ ਹੈ, ਪਰ ਬਦਕਿਸਮਤੀ ਨਾਲ ਅਸੀਂ ਗੁਰੂ ਸਾਹਿਬਾਨ ਦੀਸੋਚ ਅਨੁਸਾਰ ਨਹੀਂ ਕਰਦੇ ਅਤੇ ਤਿੰਨਾਂ ਨੂੰ ਪਲੀਤ ਕਰ ਦਿੱਤਾ ਹੈ।ਉਨ੍ਹਾ ਕਿਹਾ ਕਿਸੂਬੇ ਦੀ ਪੁਰਾਣੀ ਸ਼ਾਨ ਬਹਾਲ ਕਰਨ ਲਈ ਗੁਰਬਾਣੀ ਦੀਆਂ ਸਿੱਖਿਆਵਾਂ ਜੀਵਨ ਵਿੱਚ ਅਪਣਾਉਣ ਦੀ ਲੋੜ ਹੈ। ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਕਾਲੀ ਵੇਈਂ ਦੀ ਸਫ਼ਾਈ ਲਈ ਕੀਤੇ ਯਤਨਾਂ ਦੀ ਸ਼ਲਾਘਾ ਕਰਦਿਆਂ ਉਨ੍ਹਾ ਨੇ ਕਿਹਾ ਕਿ ਸੰਤ ਸੀਚੇਵਾਲ ਪਵਿੱਤਰ ਵੇਈਂ ਦੀ ਸਫ਼ਾਈ ਲਈ 22 ਸਾਲਾਂ ਤੋਂ ਕਾਰਜ ਕਰ ਰਹੇ ਹਨ,ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਇਸ਼ਨਾਨ ਕਰਦੇ ਸਨ। ਪਹਿਲਾਂ ਸ਼ੁਰੂ ਕੀਤਾ ਕੰਮ ਮਹੱਤਵ ਪੂਰਨ ਤਬਦੀਲੀਆਂ ਦਾ ਸਬੱਬ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਮਹਾਨ ਗੁਰੂਆਂ ਦੀ ਵਿਰਾਸਤ ਨੂੰ ਅੱਗੇ ਤੋਰਨ ਲਈ ਅਜਿਹੇ ਯਤਨ ਵੱਡੇ ਪੱਧਰ ਉੱਤੇਕਰਨ ਦੀ ਲੋੜ ਹੈ।

ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਪਵਿੱਤਰ ਨਦੀ ਦੀ ਸਫ਼ਾਈ ਲਈ ਬੀਤੇ 22 ਸਾਲਾਂ ਵਿੱਚਹੋਏ ਯਤਨਾਂ ਬਾਰੇ ਦੱਸਿਆ। ਉਨ੍ਹਾਂ ਨੇ ਬੁੱਢੇ ਨਾਲੇ ਅਤੇ ਚਿੱਟੀ ਵੇਈਂ ਦੀ ਸਫ਼ਾਈ ਵੀ ਉਸੇ ਤਰ੍ਹਾਂ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ ਜਿਸ ਤਰ੍ਹਾਂ ਸੂਬਾ ਸਰਕਾਰ ਅਤੇ ਸੰਗਤ ਦੇ ਸਰਗਰਮ ਸਹਿਯੋਗ ਨਾਲ ਹੋ ਸਕਦੀ ਹੈ।

### ਅੱਜ ਨਾਮਾ

ਹਫੜਾ-ਦਫੜੀ ਜਿਹੀ ਲੰਕਾ ਦੇ ਵਿੱਚ ਮੱਚੀ,
ਨਾ ਕੋਈ ਹਾਕਮ ਨਾ ਦਿੱਸੀ ਸਰਕਾਰ ਬੇਲੀ।
ਪ੍ਰਧਾਨ ਮੰਤਰੀ ਗਿਆ ਜਦ ਖਿਸਕ ਪਹਿਲਾਂ,
ਲੈ ਗਿਆ ਨਾਲ ਉਹਸਾਰਾ ਪਰਵਾਰ ਬੇਲੀ।
ਰਾਸ਼ਟਰਪਤੀ ਵੀ ਗਿਆ ਫਿਰ ਖਿਸਕ ਛੇਤੀ,
ਉਡਾਰੀ ਵਿਦੇਸ਼ਾਂ ਨੂੰ ਗਿਆ ਸੀ ਮਾਰ ਬੇਲੀ।
ਸੜਕਾਂ ਉੱਤੇ ਫਿਰ ਭੜਕਦੀ ਭੀੜ ਫਿਰਦੀ,
ਕੀਹਨੂੰ ਪਤਾ ਨਹੀਂ ਕੌਣ ਰਿਹਾ ਮਾਰ ਬੇਲੀ।
ਗਏ ਨਹੀਂ ਰਾਮ ਓਧਰ, ਹਨੂੰਮਾਨ ਵੀ ਨਹੀਂ,
ਸਾੜ ਲਈਲੰਕਾ ਬਈ ਹਾਕਮਾਂ ਆਪ ਬੇਲੀ।
ਮਾਰਨਰਾਵਣ ਨੂੰ ਗਿਆਨਹੀਂ ਕੋਈ ਓਧਰ,
ਕਰ ਗਏ ਓਥੋਂ ਦੇ ਹਾਕਮ ਖੁਦ ਪਾਪ ਬੇਲੀ।

ਤੀਸ ਮਾਰ ਖਾਂ

## ਇਮਰਾਨ ਖਾਨ ਦੀ ਅਪੀਲ, ਪਾਕਿਸਤਾਨੀ ਫੌਜ ਦੇ ਜਰਨੈਲ ਸਰਕਾਰ ਦਾ ਸਮੱਰਥਨ ਨਾ ਕਰਨ

ਇਸਲਾਮਾਬਾਦ, 17 ਜੁਲਾਈ, (ਪੋਸਟ ਬਿਊਰੋ)- ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਪਾਕਿਸਤਾਨ ਦੀ ਫੌਜ ਨੂੰ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੀ ਅਗਵਾਈ ਵਾਲੀ ਅਸਫਲ ਸਰਕਾਰ ਦਾ ਸਮਰਥਨ ਨਾ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਫੌਜ ਦੇ ਵੱਡੇ ਅਧਿਕਾਰੀਆਂ ਨੂੰ ਆਪਣੇ ਫੈਸਲੇ ਦੀ ਘੋਖ ਕਰਨ ਦੀ ਅਪੀਲ ਕਰਦੇ ਹੋਏ ਦਾਅਵਾ ਕੀਤਾ ਕਿ ਕੋਈ ਵੀ ਗਲਤ ਕਦਮ ਜਨਤਾ ਅਤੇ ਫੌਜ



ਵਿਚਾਲੇ ਖਾਈ ਨੂੰ ਹੋਰ ਵਧਾ ਸਕਦਾ ਹੈ।

ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਪਾਰਟੀ ਦੇ ਪ੍ਰਧਾਨ ਇਮਰਾਨ ਖਾਨ ਨੇ ਅੱਜ ਸ਼ਨੀਵਾਰ ਏਥੇ 'ਪਾਕਿਸਤਾਨ ਫੈਡਰਲ ਯੂਨੀਅਨ ਆਫ ਜਰਨਲਿਸਟਸ'ਵੱਲੋਂਕਰਵਾਏ ਸੈਮੀਨਾਰ ਵਿੱਚ ਬੋਲਦਿਆਂ ਕਿਹਾ ਕਿ ਪੂਰੇ ਦੇਸ਼ ਦੀ ਨਜ਼ਰ ਫੌਜ ਵੱਲ ਹੈ, ਕਿਉਂਕਿ ਉਸ ਕੋਲ ਤਾਕਤ ਹੈ। ਖਾਨ ਨੇ ਕਿਹਾ ਕਿ ਮੌਜੂਦਾ ਸ਼ਾਸਨ ਜਿੰਨਾ ਲੰਬਾ ਚੱਲੇਗਾ, ਦੇਸ਼ ਦੇ ਲਈ ਓਨਾ ਹੀ ਨੁਕਸਾਨਦੇਹ ਹੋਵੇਗਾ।ਵਰਨਣ ਯੋਗ ਹੈ ਕਿ ਇਮਰਾਨ ਖਾਨ ਫੌਜ ਉੱਤੇ ਇਸ ਸਾਲ ਦੀ ਸ਼ੁਰੂ ਵਿੱਚਬਣੇ ਰਾਜਨੀਤਿਕ ਸੰਕਟ ਮੌਕੇਉਨ੍ਹਾ ਦਾ ਸਾਥ ਛੱਡਣ ਦਾ ਦੋਸ਼ ਲਾਉਂਦੇ ਰਹੇ ਹਨ। ਉਨ੍ਹਾਂ ਨੇ ਫੌਜ ਨੂੰ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਸਰਕਾਰ ਦਾ ਸਮੱਰਥਨ ਨਾ ਕਰਨ ਦੀ ਅਪੀਲ ਕੀਤੀ ਤੇ ਕਿਹਾ ਕਿ ਨਕਦੀ ਦੀ ਕਮੀ ਨਾਲ ਜੂਝ ਰਿਹਾ ਦੇਸ਼ ਇਕ ਮਹੱਤਵ ਪੂਰਨ ਮੋੜ ਉੱਤੇ ਖੜਾ ਹੈ ਤੇ ਇਹ ਬਹੁਤ ਮਹੱਤਵਪੂਰਨ ਹੈ ਕਿ ਇਸ ਮੌਕੇ ਸਹੀ ਫੈਸਲੇ ਲਏ ਜਾਣ।

## ਗੋਲਡੀ ਬਰਾੜ ਦੇ ਇੰਟਰਵਿਊ ਪਿੱਛੋਂ ਸਿੱਧੂ ਮੂਸੇਵਾਲਾ ਦੇ ਮਾਂ-ਬਾਪ ਵੀ ਗੁੱਸੇ ਵਿੱਚ ਭੜਕੇ

* ਮੂੰਹ ਲੁਕਾਉਣ ਦੀ ਥਾਂ ਸਿੱਧਾ ਮੈਦਾਨ ਵਿੱਚ ਆਉਣ ਦੀ ਚੁਣੌਤੀ

ਮਾਨਸਾ, 17 ਜੁਲਾਈ, (ਪੋਸਟ ਬਿਊਰੋ)- ਗੈਂਗਸਟਰ ਗੋਲਡੀ ਬਰਾੜ ਵੱਲੋਂ ਇੱਕ ਇੰਟਰਵਿਊ ਰਾਹੀਂ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਉੱਤੇ ਲਾਏ ਗੰਭੀਰ ਦੋਸ਼ਾਂ ਪਿੱਛੋਂ ਅੱਜ ਮੂਸੇਵਾਲਾ ਦੇ ਮਾਤਾ-ਪਿਤਾ ਇੱਕ ਵਾਰ ਫਿਰ ਕੈਮਰੇ ਅੱਗੇ ਆਏਅਤੇ ਉਨ੍ਹਾਂ ਨੇ ਕਿਹਾ ਕਿ ਦੋਸ਼ੀ ਸੱਚੇ ਹਨ ਤਾਂ ਮੂੰਹ ਛੁਪਾ ਕੇ ਕਿਉਂ ਬੋਲਦੇ ਹਨ। ਵਰਨਣ ਯੋਗ ਹੈ ਕਿ ਗੋਲਡੀ ਬਰਾੜ ਦੀ ਕਥਿਤ ਇੰਟਰਵਿਊ ਵਿੱਚ ਉਹ ਆਪਣਾ ਮੂੰਹ ਢੱਕ ਕੇ ਕੈਮਰੇ ਅੱਗੇ ਬੋਲਦਾ ਦਿੱਸਿਆ ਸੀ।

ਅੱਜ ਸਿੱਧੂਮੂਸੇ ਵਾਲਾ ਦੀ ਮਾਂ ਨੇ ਕਿਹਾ ਕਿ 'ਸਿੱਧੂ ਬਾਰੇ ਕੁਝ ਲੋਕ ਮੂੰਹ ਲੁਕੋ ਕੇ ਬੋਲਦੇ ਹਨ, ਝੱਲਣਾ ਔਖਾ ਹੈ।ਸਾਡਾ ਪੁੱਤ ਲੋਕਾਂ ਦੀਆਂ ਜਾਨਾਂ ਬਚਾਉਣਲੱਗਾ ਰਿਹਾ ਸੀ।ਤੁਸੀਂ ਪੀ ਜੀ ਆਈ ਜਾ ਕੇ ਪੁੱਛ ਸਕਦੇ ਹੋ ਕਿ ਉਸ ਨੇ ਕਿੰਨੇ ਮਰੀਜ਼ਾਂ ਦੀ ਜਾਨ ਬਚਾਈ ਸੀ। ਜੇ ਕਿਸੇ ਨੂੰ ਬਲੱਡ ਦੀ ਲੋੜ ਹੁੰਦੀ ਤਾਂ ਸਿੱਧੂ ਪੋਸਟ ਸੋਸ਼ਲ ਮੀਡੀਆ ਉੱਤੇ ਪਾ ਦਿੰਦਾ ਤੇ ਉਸ ਪੋਸਟ ਉੱਤੇ ਹਜ਼ਾਰਾਂ ਨੌਜਵਾਨ ਖੂਨ ਦੇਣ ਜਾਂਦੇ ਸਨ।ਇਹ ਲੋਕ ਮੂੰਹ ਲੁਕੋ ਕੇ ਕਹਿੰਦੇ ਹਨ ਕਿ ਸਿੱਧੂ ਵਿੱਚ ਹੰਕਾਰ ਸੀ, ਜਿਸ ਬੰਦੇ ਨੇ ਜ਼ਮੀਨ ਤੋਂ ਉੱਠ ਕੇ ਤਰੱਕੀ ਕੀਤੀ ਹੋਵੇ, ਉਸਨੂੰ ਹੰਕਾਰ ਹੋ ਸਕਦਾ ਹੈ।' ਉਨ੍ਹਾਂ ਕਿਹਾ;'ਮੇਰਾ ਪੁੱਤ ਬਹਾਦਰ ਤੇ ਸ਼ੇਰ ਸੀ, ਤਦੇ ਉਸ ਨੂੰ ਇੰਨੀਆਂ ਮਾਵਾਂ, ਬੱਚੇ ਅਤੇ ਬਜ਼ੁਰਗ ਰੋ ਰਹੇ ਹਨ। ਜਿਹੜੇਬੁਜ਼ਦਿਲ ਲੋਕਮੂੰਹ ਲੁਕੋ ਕੇ ਫੇਸਬੁੱਕ ਉੱਤੇ ਭਕਾਈਆਂ ਮਾਰਦੇ ਅਤੇ ਝੂਠ ਬੋਲਦੇ ਹਨ, ਇਹ ਸਿੱਧੂ ਦਾ ਅਕਸ ਖ਼ਰਾਬ ਕਰਦੇ ਹਨ, ਪਰ ਸਿੱਧੂ ਦੇ ਅਕਸ ਬਾਰੇ ਦੋ ਮਹੀਨਿਆਂ ਤੋਂ ਸਭ ਨੂੰ ਪਤਾ ਲੱਗ ਗਿਆ ਹੈ।'

ਇਸ ਮੌਕੇਸਿੱਧੂ ਮੂਸੇਵਾਲਾ ਦੇ ਪਿਤਾ ਨੇ ਕਿਹਾ ਕਿ 'ਸਿੱਧੂ ਨੂੰ ਕਤਲ ਕਰਾਉਣ ਵਾਲਿਆਂ ਨੇ ਸੋਚਿਆ ਹੋਵੇਗਾ ਕਿ ਉਸ ਦੀ ਆਵਾਜ਼ ਸ਼ਾਂਤ ਕਰ ਦੇਣਗੇ ਤਾਂ ਸਭ ਖ਼ਤਮ ਹੋ ਜਾਵੇਗਾ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਿੱਧੂ ਨੂੰ ਜਿਊਂਦੇ ਜੀਅ 1 ਮਿਲੀਅਨ ਲੋਕ ਫਾਲੋ ਕਰਦੇ ਸਨ, ਅੱਜ16 ਮਿਲੀਅਨ ਤੋਂ ਵੱਧ ਕਰਦੇ ਹਨ।' ਉਨ੍ਹਾਂ ਕਿਹਾ ਕਿ ਸਿੱਧੂਕੇਸ ਦੀ ਜਾਂਚਚੱਲਦੀ ਹੈ ਤੇ ਜਿਥੇ ਕੋਈ ਅਫ਼ਸਰ ਬੁਲਾਵੇ, ਜਾਣਾ ਪੈਂਦਾ ਹੈ। ਅਸੀਂ ਪ੍ਰਮਾਤਮਾ ਨੂੰ ਅਰਦਾਸ ਕਰਦੇ ਹਾਂ ਕਿ ਜਲਦੀ ਇਨਸਾਫ਼ ਮਿਲੇ, ਜਿਸ ਲਈ ਪੁਲਸ ਲੱਗੀ ਹੋਈ ਹੈ।ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਕਿ ਪਾਪੀ ਲੋਕ ਟੀ ਵੀ ਚੈਨਲਾਂ ਉੱਤੇ ਕਹਿੰਦੇ ਹਨ ਕਿ ਸਿੱਧੂ ਨੂੰ ਅਸੀਂ ਮਾਰਨਾ ਸੀ ਤੇ ਮਰਵਾਇਆ ਹੈ, ਇਹ ਸੁਣਨਾ ਸਾਨੂੰ ਬੜਾ ਔਖਾ ਲੱਗਦਾ ਹੈ ਕਿ ਇੱਕ ਬੰਦਾ ਕਹਿੰਦਾ ਹੈ ਕਿ ਮੈਂ ਸਿੱਧੂ ਮਾਰਿਆ ਹੈ, ਉਸ ਨੂੰ ਸੁਰੱਖਿਆ ਕਿਉਂ ਮਿਲੀ ਹੈ। ਉਨ੍ਹਾਂ ਕਿਹਾ ਕਿ ਜਿੰਦਾਂ ਮੇਰੇ ਪੁੱਤ ਨੂੰ ਸੜਕ ਉੱਤੇ ਜਾਂਦੇ ਗੋਲ਼ੀਆਂ ਮਾਰ ਕੇ ਮਾਰਿਆ ਹੈ, ਅਸੀਂ ਵੀ ਚਾਹੁੰਦੇ ਹਾਂ ਕਿ ਉਹ ਪਾਪੀ ਅਦਾਲਤਾਂਵੱਲ ਜਾਣ ਤਾਂ ਉਨ੍ਹਾਂ ਨੂੰ ਸੁਰੱਖਿਆ ਨਾ ਦਿੱਤੀ ਜਾਵੇ ਤੇ ਘੱਟੋ-ਘੱਟ ਅਸੀਂ ਸਿੱਧੇ ਹੋ ਕੇ ਦੇਖ ਲਈਏ। ਉਨ੍ਹਾਂ ਕਿਹਾ ਕਿ ਪੁਲਸ ਕਿੰਨੇ ਕੁ ਲੋਕਾਂ ਨੂੰ ਸੁਰੱਖਿਆ ਦੇ ਸਕਦੀ ਹੈ, ਇਹ ਮਾਹੌਲ ਚਾਹੀਦਾ ਹੈ ਕਿ ਅਸੀਂ ਬੇਖ਼ੌਫ਼ ਹੋ ਕੇ ਆਪਣੇ ਘਰ ਸ਼ਾਂਤੀ ਨਾਲ ਦਿਨ ਕੱਟ ਸਕੀਏ। ਉਨ੍ਹਾਂ ਕਿਹਾ ਕਿ ਕਾਤਲ ਪੇਸ਼ੀ ਉੱਤੇਜਾਣ ਤਾਂ 200 ਬੰਦੇ ਉਨ੍ਹਾਂ ਨਾਲ ਹੁੰਦੇਹਨ, ਉਨ੍ਹਾਂਦਾ ਕੋਈ ਖਰਚਾ ਨਹੀਂ ਹੁੰਦਾ।ਸਿੱਧੂ ਦੇ ਪਿਤਾ ਨੇ ਕਿਹਾ ਕਿ ਮੇਰਾ ਪੁੱਤ ਸਾਲ ਦਾ 2 ਕਰੋੜ ਰੁਪਏ ਟੈਕਸ ਦੇਂਦਾ ਸੀ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

ukttc
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

# ਪੰਜਾਬ ਵਿੱਚ 'ਰਾਜ ਆਫ਼ਤ ਨਿਪਟਾਰਾ ਫੰਡ' ਕਾਇਮ ਕੀਤੇ ਜਾਣ ਲਈ ਪ੍ਰਵਾਨਗੀ

*** ਬਚਾਅ ਕਾਰਜਾਂ ਲਈ ਇਸ ਫੰਡ ਦੀ ਵਰਤੋਂ ਹੋਵੇਗੀ * ਸਤੰਬਰ ਵਿੱਚ 51 ਲੱਖ ਘਰਾਂ ਨੂੰ ਜ਼ੀਰੋ ਬਿਜਲੀ ਬਿੱਲ ਆਵੇਗਾ: ਮਾਨ**



ਚੰਡੀਗੜ੍ਹ, 17 ਜੁਲਾਈ, (ਪੋਸਟ ਬਿਊਰੋ)- ਪੰਜਾਬ ਵਿੱਚ ਕਿਸੇ ਕੁਦਰਤੀ ਆਫਤ ਵੇਲੇ ਰਾਹਤ ਤੇ ਬਚਾਅ ਕਾਰਜਾਂ ਦੇ ਪ੍ਰਬੰਧ ਲਈ ਇੱਕ 'ਰਾਜ ਆਫ਼ਤ ਨਿਪਟਰਾ ਫੰਡ' ਕਾਇਮਕਰਨਨੂੰ ਪ੍ਰਵਾਨਗੀ ਦਿੱਤੀ ਗਈ ਹੈ।ਇਸ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰ ਕੇ ਅੱਜ ਖੁਦ ਜਾਣਕਾਰੀ ਦਿੱਤੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਵਿੱਚ ਲਿਖਿਆ ਕਿ "ਪੰਜਾਬ ਵਿੱਚ ਕਿਸੇ ਵੀ ਕੁਦਰਤੀ ਆਫ਼ਤ ਵੇਲੇ ਫ਼ੌਰੀ ਮਦਦ ਤੇ ਬਚਾਅ ਕਾਰਜਾਂ ਲਈ 'ਰਾਜ ਆਫ਼ਤ ਨਿਪਟਾਰਾ ਫੰਡ' ਕਾਇਮ ਕਰਨ ਨੂੰ ਪ੍ਰਵਾਨਗੀ ਦਿੱਤੀ ਹੈ, ਇਸ ਦੀ ਰਾਸ਼ੀ ਕੁਦਰਤੀ ਆਫ਼ਤ ਨਾਲ ਨਜਿੱਠਣ ਦੇ ਪ੍ਰੋਜੈਕਟ ਲਾਉਣ ਲਈ ਸਹਾਈ ਹੋਵੇਗੀ, ਪੰਜਾਬੀਆਂ ਦੀ ਹਰ ਮੁਸ਼ਕਲ ਘੜੀ ਦੌਰਾਨ ਸੁਰੱਖਿਆ ਕਰਨਾ ਸਾਡੀ ਪਹਿਲ ਹੈ।"ਇਸ ਦੌਰਾਨ ਪੰਜਾਬ ਸਰਕਾਰ ਵੱਲੋਂ ਚੋਣਾਂ ਵੇਲੇ ਦਿੱਤੀ ਗਾਰੰਟੀ ਪੂਰੀ ਕਰਦੇ ਹੋਏ ਬਿਜਲੀ ਬਿੱਲ ਮੁਆਫ ਕਰ ਦੇਣ ਦਾ ਫੈਸਲਾ 1 ਜੁਲਾਈ ਤੋਂ ਲਾਗੂ ਹੋ ਗਿਆ ਹੈ। ਅੱਜ ਇਸ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਨੇ ਟਵਿਟਰ ਉੱਤੇ ਲਿਖਿਆਕਿ 'ਬਿਜਲੀ ਗਰੰਟੀ ਬਾਰੇ ਬਹੁਤ ਵੱਡੀ ਖੁਸ਼ਖਬਰੀ ਪੰਜਾਬੀਆਂ ਨਾਲ ਸਾਂਝੀ ਕਰ ਰਿਹਾ ਹਾਂ। 1 ਜੁਲਾਈ ਤੋਂ ਮੁਫ਼ਤ ਬਿਜਲੀ ਦਾ ਵਾਅਦਾ ਲਾਗੂ ਹੋ ਗਿਆ ਹੈ। ਜੁਲਾਈ-ਅਗਸਤ ਦਾ ਬਿਲ ਸਤੰਬਰ ਪਹਿਲੇ ਹਫ਼ਤੇ ਆਵੇਗਾ। ਲੱਗਭੱਗ 51 ਲੱਖ ਘਰਾਂ ਨੂੰ ਬਿਜਲੀ ਦਾ ਬਿੱਲ ਜ਼ੀਰੋ ਆਵੇਗਾ, ਜੋ ਕਹਿੰਦੇ ਹਾਂ, ਓਹ ਪੂਰਾ ਕਰਦੇ ਹਾਂ।'

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਇੱਕ ਫੈਸਲੇ ਨਾਲ 31 ਦਸੰਬਰ 2021 ਤੱਕ ਬਿਜਲੀ ਦੇ ਸਾਰੇ ਘਰੇਲੂ ਖਪਤਕਾਰਾਂ ਦੇ ਬਕਾਏ ਬਿੱਲ ਮੁਆਫ ਕਰਨ ਦਾ ਐਲਾਨ ਕੀਤਾ ਹੈ। ਇਹ ਬਕਾਇਆ ਬਿੱਲ 30 ਜੂਨ 2022 ਤੱਕ ਅਦਾ ਨਹੀਂ ਸਨ ਹੋਏ।ਪੰਜਾਬ ਸਰਕਾਰ ਦੇ ਇਸ ਤਾਜ਼ਾਫੈਸਲੇ ਨਾਲ ਕਰੀਬ 28.10 ਲੱਖ ਘਰੇਲੂ ਖਪਤਕਾਰਾਂ ਨੂੰ ਕੁੱਲ ਮਿਲਾ ਕੇ 1298 ਕਰੋੜ ਰੁਪਏ ਦੀ ਰਾਹਤ ਮਿਲੇਗੀ।

# ਸ੍ਰੀਲੰਕਾ ਦੇ ਮੰਤਰੀ ਨੇ ਕਿਹਾ, ਕਈ ਦੇਸ਼ਾਂ ਤੋਂ ਮਦਦ ਮੰਗੀ, ਪਰ ਸੰਕਟ ਦੌਰਾਨ ਸਿਰਫ ਭਾਰਤ ਨੇ ਬਾਂਹ ਫੜੀ

ਨਵੀਂ ਦਿੱਲੀ, 17 ਜੁਲਾਈ, (ਪੋਸਟ ਬਿਊਰੋ)- ਗੁਆਂਢੀ ਦੇਸ਼ ਸ੍ਰੀਲੰਕਾ ਆਪਣੀ ਆਜ਼ਾਦੀ ਮਿਲਣ ਤੋਂ ਬਾਅਦ ਦੇ ਸਭ ਤੋਂ ਭੈੜੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਸਰਕਾਰੀ ਖਜ਼ਾਨਾ ਪੂਰੀ ਤਰ੍ਹਾਂ ਖਾਲੀ ਹੋ ਚੁੱਕਾ ਹੈ ਤੇ ਦੇਸ਼ ਵਿੱਚ ਤੇਲ ਅਤੇ ਦਵਾਈਆਂ ਵਰਗੀਆਂ ਜ਼ਰੂਰੀ ਚੀਜ਼ਾਂ ਵਿਦੇਸ਼ਾਂ ਤੋਂ ਖਰੀਦਣ ਲਈ ਸਰਕਾਰ ਕੋਲ ਪੈਸੇ ਨਹੀਂ ਹਨ। ਦੇਸ਼ ਵਿੱਚ ਖਾਣ-ਪੀਣ ਦੀਆਂ ਵਸਤਾਂ, ਫਿਊਲ, ਰਸੋਈ ਗੈਸ ਦੀ ਭਾਰੀ ਕਮੀ ਹੈ ਤੇ ਲਗਭਗ ਸਾਰੇ ਸ਼ਹਿਰਾਂ ਵਿੱਚਪੈਟਰੋਲ ਸਟੇਸ਼ਨਾਂ ਉੱਤੇਹਜ਼ਾਰਾਂ ਲੋਕਾਂ ਦੀਆਂ ਲੰਬੀਆਂ ਕਤਾਰਾਂ ਲੱਗੀਆਂ ਹੋਈਆਂ ਹਨ।



ਇਸ ਦੌਰਾਨ ਸ਼ਨੀਵਾਰ ਨੂੰ ਸ੍ਰੀਲੰਕਾ ਦੀ ਊਰਜਾ ਮੰਤਰੀ ਕੰਚਨਾ ਵਿਜੇਸ਼ੇਖਰਾ ਨੇ ਕਿਹਾ ਕਿ ਆਰਥਿਕ ਸੰਕਟ ਵਿੱਚ ਉਨ੍ਹਾਂ ਦੇ ਦੇਸ਼ ਨੇ ਮਦਦ ਲਈ ਕਈ ਦੇਸ਼ਾਂ ਨਾਲ ਗੱਲ ਕੀਤੀ,ਕਈ ਦੇਸ਼ਾਂ ਨੂੰਫਿਊਲ ਦੇਲਈ ਬੇਨਤੀਆਂ ਕੀਤੀਆਂ, ਪਰ ਸੰਕਟ ਦੇ ਦੌਰ ਵਿੱਚਸਿਰਫ ਭਾਰਤ ਨੇ ਮਦਦ ਕੀਤੀ ਹੈ। ਮੰਤਰੀ ਕੰਚਨਾ ਵਿਜੇਸ਼ੇਖਰਾ ਨੇ ਫਿਊਲ ਖਰੀਦਣ ਲਈ ਕ੍ਰੈਡਿਟ ਲਾਈਨ ਦੇਣ ਲਈ ਵੀ ਭਾਰਤ ਦੀ ਤਾਰੀਫ ਕੀਤੀ ਤੇ ਕਿਹਾ ਕਿ ਅਸੀਂ ਮਦਦ ਲਈ ਰੂਸ ਦੀ ਸਰਕਾਰ ਨਾਲ ਵੀ ਗੱਲ ਕਰ ਰਹੇ ਹਾਂ ਅਤੇ ਅਸੀਂ ਉਨ੍ਹਾਂ ਨੂੰ ਆਪਣੀਆਂ ਜ਼ਰੂਰਤਾਂ ਦੱਸੀਆਂ ਹਨ।

ਵਰਨਣ ਯੋਗ ਹੈ ਕਿ ਸ੍ਰੀਲੰਕਾ ਦੇ ਊਰਜਾ ਮੰਤਰੀ ਨੇ ਅੱਜ ਨੈਸ਼ਨਲ ਫਿਊਲ ਪਾਸ ਸਕੀਮ ਦੇ ਨਾਂ ਨਾਲ ਦੇਸ਼ ਵਿੱਚ ਫਿਊਲ ਰਾਸ਼ਨਿੰਗ ਸਕੀਮ ਸ਼ੁਰੂ ਕੀਤੀ ਹੈ ਤੇ ਸਰਕਾਰ ਵੱਲੋਂ ਜਾਰੀ ਕੀਤਾ ਨਵਾਂ ਪਾਸ ਹਫਤਾਵਾਰੀ ਆਧਾਰ ਉੱਤੇਫਿਊਲ ਕੋਟੇ ਦੀ ਵੰਡ ਦੀ ਗਰੰਟੀ ਦੇਵੇਗਾ। ਇਸ ਵਿੱਚ ਵਾਹਨ ਤੇ ਹੋਰ ਦਸਤਾਵੇਜ਼ਾਂ ਦੀ ਪੁਸ਼ਟੀ ਤੋਂ ਬਾਅਦ ਨੈਸ਼ਨਲ ਆਈ ਡੀ ਕਾਰਡ ਵਾਲੇ ਹਰ ਵਿਅਕਤੀ ਨੂੰਇੱਕ ਕੋਡ ਜਾਰੀ ਹੋਵੇਗਾ।ਸ੍ਰੀਲੰਕਾ ਵਿੱਚ 2 ਕਰੋੜ ਤੋਂ ਵੱਧ ਲੋਕਆਰਥਿਕ ਸੰਕਟ ਤੋਂ ਪ੍ਰਭਾਵਿਤ ਹਨ। ਭਾਰਤ ਨੇ ਇਸ ਔਖੇ ਸਮੇਂ ਸ੍ਰੀਲੰਕਾ ਨੂੰ ਫਿਊਲ ਤੇ ਦਵਾਈਆਂ ਸਣੇ ਬਹੁਤ ਸਾਰੀਆਂ ਚੀਜ਼ਾਂ ਦੀ ਸਪਲਾਈ ਇਸ ਦੇਸ਼ ਨੂੰ ਕੀਤੀ ਹੈ ਅਤੇ ਅੱਜ ਤੱਕ ਸ੍ਰੀਲੰਕਾ ਨੂੰ 3 ਅਰਬ ਡਾਲਰ ਤੋਂ ਵੱਧ ਦੀ ਮਦਦ ਕਰ ਚੁੱਕਾ ਹੈ।ਉਸ ਨੇ ਭਰੋਸਾ ਦਿੱਤਾ ਕਿ ਉਹ ਆਰਥਿਕ ਸੁਧਾਰ ਲਈ ਭਵਿੱਖ ਵਿੱਚ ਮਦਦ ਕਰਦਾ ਰਹੇਗਾ।

## ਜਾਨਸਨ ਨੇ ਸਹਿਯੋਗੀਆਂ ਨੂੰ ਕਿਹਾ: ਕਿਸੇ ਨੂੰ ਵੀ ਵੋਟ ਪਾ ਦਿਓ, ਪਰ ਰਿਸ਼ੀ ਸੁਨਕ ਨੂੰ ਨਹੀਂ

ਲੰਡਨ, 17 ਜੁਲਾਈ, (ਪੋਸਟ ਬਿਊਰੋ)- ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਦੀ ਦੌੜਵਿੱਚ ਤੇਜ਼ੀ ਆਉਣ ਦੇ ਦੌਰਾਨ ਇਸ ਦੇਸ਼ ਦੇ ਕਾਰਜਕਾਰੀ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਆਪਣੇ ਪੱਕੇ ਸਮੱਰਥਕਾਂ ਨੂੰ ਸਿੱਧਾ ਸੱਦਾ ਦੇ ਦਿੱਤਾ ਹੈ ਕਿ ਉਹ ਕਿਸੇ ਦਾ ਵੀ ਸਮੱਰਥਨ ਕਰਨ, ਪਰ ਰਿਸ਼ੀ ਸੁਨਕ ਦਾ ਨਹੀਂ।

ਵਰਨਣ ਯੋਗ ਹੈ ਕਿ ਬ੍ਰਿਟੇਨ ਦੀ ਸਰਕਾਰ ਚਲਾ ਰਹੀ ਕੰਜ਼ਰਵੇ-ਟਿਵ ਪਾਰਟੀ ਦੇ ਆਗੂ ਬੋਰਿਸ ਜਾਨਸਨ ਨੇ ਬੀਤੀ ਸੱਤ ਜੁਲਾਈ ਨੂੰ ਪਾਰਟੀ ਲੀਡਰੀ ਤੋਂ ਅਸਤੀਫਾ ਦੇ ਦਿੱਤਾ ਸੀ।'ਦਿ ਟਾਈਮਜ਼' ਅਖ਼ਬਾਰ ਦੀ ਖ਼ਬਰਮੁਤਾਬਕ ਪਾਰਟੀ ਦੀ ਅਗਵਾਈ ਹਾਸਲ ਕਰਨ ਦੀ ਦੌੜਵਿੱਚ ਪਛੜ ਗਏ ਨੇਤਾਵਾਂ ਨੂੰ ਉਨ੍ਹਾਂ ਅਪੀਲ ਕੀਤੀ ਹੈ ਕਿ ਉਹ ਸਾਬਕਾ ਵਿੱਤ ਮੰਤਰੀ ਤੇ ਚਾਂਸਲਰ ਰਿਸ਼ੀ ਸੁਨਕ ਦਾ ਸਮੱਰਥਨ ਨਾ ਕਰਨ, ਜਿਹੜੇ ਬੋਰਿਸ ਜਾਨਸਨ ਵੱਲੋਂ ਆਪਣੀ ਪਾਰਟੀਅੰਦਰ ਸਾਥੀਆਂ ਦਾ ਸਮਰਥਨ ਗੁਆਉਣ ਦੇਜ਼ਿੰਮੇਵਾਰ ਹਨ। ਇੱਕ ਜਾਣਕਾਰ ਸੂਤਰ ਦੇ ਦੱਸਣ ਮੁਤਾਬਕ ਬੋਰਿਸ ਜਾਨਸਨ ਵਿਦੇਸ਼ ਮੰਤਰੀ ਲਿਜ਼ ਟਰੱਸ ਦਾ ਸਮਰਥਨ ਕਰਵਾਉਣ ਦੇ ਚਾਹਵਾਨ ਲੱਗਦੇ ਹਨ, ਜਿਨ੍ਹਾਂ ਦੀ ਪ੍ਰਵਾਨਗੀ ਉਨ੍ਹਾਂ (ਜਾਨਸਨ) ਦੇ ਕੈਬਨਿਟ ਸਹਿਯੋਗੀਆਂ ਜੈਕਬ ਰੀਸ-ਮੋਗ ਅਤੇ ਨੈਡੀਨ ਡੋਰਿਸ ਨੇ ਕੀਤੀ ਹੈ।

ਹਾਲ ਦੀ ਘੜੀ ਬੋਰਿਸ ਜਾਨਸਨ ਨੇ ਆਪਣੇ ਤੋਂ ਅਗਲੇ ਪ੍ਰਧਾਨ ਮੰਤਰੀ ਵਜੋਂ ਪੇਨੀ ਮੋਰਡਾਊਂਟ ਲਈ ਬਦਲ ਖੁੱਲ੍ਹੇ ਰੱਖੇ ਹਨ। ਮੋਰਡਾਊਂਟ ਜੂਨੀਅਰ ਕਹੀ ਜਾਂਦੀ ਇਹ ਨੇਤਾ ਬ੍ਰਿਟੇਨ ਦੀ ਵਪਾਰ ਮੰਤਰੀ ਹੈ।ਪਤਾ ਲੱਗਾ ਹੈ ਕਿਰਿਸ਼ੀ ਸੁਨਕ ਦੇ ਅਸਤੀਫੇ ਨੂੰ ਬੋਰਿਸ ਜਾਨਸਨਆਪਣੇ ਨਾਲ ਵਿਸ਼ਵਾਸਘਾਤ ਸਮਝਦੇ ਹਨਅਤੇ ਉਨ੍ਹਾਂ ਦਾ ਕੈਂਪ 'ਹੋਰ ਕਿਸੇ ਦਾ ਵੀ ਸਮੱਰਥਨ ਕਰੋ, ਪਰ ਰਿਸ਼ੀ ਸੁਨਕ ਦਾ ਨਹੀਂ'ਵਾਲੀ ਸੋਚ ਨਾਲ ਇਕ ਗੁਪਤ ਮੁਹਿੰਮ ਚੱਲਾ ਰਿਹਾ ਹੈ।

## ਕਿਸਾਨਾਂ ਦੀ ਕਰਜ਼ਾ ਮੁਆਫ਼ੀ ਦਾ ਹੱਲ ਕੇਂਦਰ ਦੇ ਸਹਿਯੋਗ ਬਿਨਾਂ ਸੌਖਾ ਨਹੀਂ: ਮੰਤਰੀ ਧਾਲੀਵਾਲ

ਚੰਡੀਗੜ੍ਹ, 17 ਜੁਲਾਈ, (ਪੋਸਟ ਬਿਊਰੋ)- ਕਿਸਾਨਾਂ ਦੇ ਕਰਜ਼ਾ ਮੁਆਫ਼ੀ ਵਰਗੇ ਮੁੱਦੇ ਉੱਤੇ ਪੰਜਾਬ ਸਰਕਾਰ ਦੀ ਟੇਕ ਆਖਰ ਕੇਂਦਰ ਦੀ ਨਰਿੰਦਰਮੋਦੀ ਸਰਕਾਰ ਉੱਤੇਟਿਕਣ ਦੀ ਗੱਲ ਸੁਣਨ ਲੱਗੀ ਹੈ। ਪੰਜਾਬ ਦੇ ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਦੇ ਲਈਕੇਂਦਰ ਸਰਕਾਰ ਤੋਂ ਬਾਕਾਇਦਾ ਪੈਕੇਜਦੀ ਮੰਗ ਕੀਤੀ ਹੈ। ਉਹ ਬੰਗਲੁਰੂਵਿੱਚਬੀਤੇ ਵੀਰਵਾਰ ਸ਼ੁਰੂ ਹੋਈ ਸੂਬਾਈ ਖੇਤੀ ਮੰਤਰੀਆਂ ਦੀ ਦੋ ਰੋਜ਼ਾ ਕਾਨਫਰੰਸ ਵਿੱਚਬੋਲ ਰਹੇ ਸਨ।

ਕੁਲਦੀਪ ਸਿੰਘ ਧਾਲੀਵਾਲ ਨੇਕਿਹਾ ਕਿ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਲਈ ਕੇਂਦਰ ਸਰਕਾਰ ਅੱਗੇ ਆਵੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਕਿਸਾਨੀ ਨੇ ਸਮੁੱਚੇ ਭਾਰਤ ਦੀ ਉਦੋਂ ਬਾਂਹ ਫੜੀ ਸੀ, ਜਦੋਂ ਦੇਸ਼ ਵਿੱਚ ਵੱਡਾ ਅੰਨ ਸੰਕਟ ਸੀ।ਉਨ੍ਹਾਂ ਕਿਹਾ ਕਿ ਪੰਜਾਬ ਹਰ ਫ਼ਰੰਟ ਉੱਤੇ ਦੇਸ਼ ਲਈ ਅੱਗੇ ਹੋ ਕੇ ਲੜਿਆ ਸੀ ਅਤੇ ਅੱਜ ਇਸ ਦੇ ਕਿਸਾਨ ਨੂੰ ਕਰਜ਼ੇ ਦੇ ਬੋਝ ਹੇਠੋਂ ਕੱਢੇ ਜਾਣ ਦੀ ਲੋੜ ਹੈ, ਜਿਸ ਲਈ ਕੇਂਦਰ ਸਰਕਾਰ ਨੂੰ ਮਦਦ ਕਰਨੀ ਚਾਹੀਦੀ ਹੈ।

ਇਸ ਮੌਕੇ ਕੁਲਦੀਪ ਸਿੰਘ ਧਾਲੀਵਾਲ ਨੇ ਕੌਮਾਂਤਰੀ ਸਰਹੱਦ ਉੱਤੇ ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰਨ ਵਾਲੇ ਕਿਸਾਨਾਂ ਦੀਆਂ ਮੁਸ਼ਕਲਾਂ ਦੱਸ ਕੇ ਕਿਹਾ ਕਿ ਉਨ੍ਹਾਂ ਨੂੰ ਸਾਲਾਨਾ 15 ਹਜ਼ਾਰ ਰੁਪਏਏਕੜ ਬੱਝਵਾਂ ਮੁਆਵਜ਼ਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰਹੱਦੀ ਕਿਸਾਨਾਂ ਨੂੰ ਆਪਣੀ ਫ਼ਸਲ ਪਾਲਣ ਲਈ ਮੁਸ਼ਕਲ ਹੈ।ਉਨ੍ਹਾ ਦੀ ਵਧੇਰੇ ਟੇਕ ਖੇਤੀ ਉੱਤੇ ਹੈ।ਉਨ੍ਹਾ ਨੇ ਕੇਂਦਰ ਸਰਕਾਰ ਤੋਂ ਕੋਲਡ ਸਟੋਰਾਂ ਲਈ ਵੀ ਇੱਕ ਹਜ਼ਾਰ ਕਰੋੜ ਰੁਪਏ ਦੇ ਪੈਕੇਜ ਦੀ ਮੰਗ ਵੀ ਕੀਤੀ ਤੇ ਖੇਤੀ ਵਿਭਿੰਨਤਾ ਲਈ ਕੀਤੀਆਂ ਜਾ ਰਹੀਆਂ ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ ਬਾਰੇ ਦੱਸਿਆ ਹੈ।

## ਗੋਲਡੀ ਬਰਾੜ ਦਾ ਦਾਅਵਾ, ਸਿੱਧੂ ਮੂਸੇਵਾਲਾ ਨੇ ਜਾਨ ਬਚਾਉਣ ਲਈ ਸਾਨੂੰ 2 ਕਰੋੜ ਰੁਪਏ ਦੇਣ ਦੀ ਪੇਸ਼ਕਸ਼ ਕੀਤੀ ਸੀ

ਚੰਡੀਗੜ੍ਹ, 17 ਜੁਲਾਈ, (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱਚ ਮਾਸਟਰਮਾਈਂਡ ਨਾਲ ਇੱਕ ਨਿਊਜ਼ ਚੈਨਲ ਦਾ ਦਾਅਵਾ ਹੈ ਕਿ ਉਸ ਨਾਲ ਉਸ ਨੇ ਗੋਲਡੀ ਬਰਾੜ ਨਾਲ ਗੱਲਬਾਤ ਕੀਤੀ ਹੈ। ਵੀਡੀਓ ਵਿੱਚ ਗੋਲਡੀ ਬਰਾੜ ਕਹਿੰਦਾ ਹੈ ਕਿ ਸਿੱਧੂ ਮੂਸੇਵਾਲਾ ਨੇ ਆਪਣੀ ਜਾਨ ਬਚਾਉਣ ਲਈ ਉਸ ਨੂੰ 2 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਸੀ। ਇਸ ਕਥਿਤ ਵੀਡੀਓ ਵਿੱਚ ਗੋਲਡੀ ਬਰਾੜ ਮਾਸਕ ਪਹਿਨ ਕੇ ਗੱਲ ਕਰਦਾ ਰਿਹਾ, ਪਰ ਪੰਜਾਬ ਪੁਲਸ ਤੇ ਦਿੱਲੀ ਪੁਲਿਸ ਨੇ ਉਸ ਦੀ ਆਵਾਜ਼ ਦੀ ਪੁਸ਼ਟੀ ਕੀਤੀ ਦੱਸੀ ਜਾਂਦੀ ਹੈ। ਇਸ ਵਿੱਚ ਗੋਲਡੀ ਬਰਾੜ ਨੇ ਕਿਹਾ ਹੈ ਕਿ ਚੋਣਾਂ ਦੌਰਾਨ ਸਿੱਧੂ ਮੂਸੇਵਾਲਾ ਦੇ ਬੰਦਿਆਂ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ ਉਸ ਦੀ ਜਾਨ ਬਖਸ਼ ਦਿਓ, ਤੁਹਾਨੂੰ ਦੋ ਕਰੋੜ ਰੁਪਏ ਦੇ ਦਿਆਂਗੇ, ਪਰ ਤੁਹਾਨੂੰ ਗੁਰਦੁਆਰਾ ਸਾਹਿਬ ਜਾ ਕੇ ਸਹੁੰ ਖਾਣੀ ਪਵੇਗੀ ਕਿ ਤੁਸੀਂ ਸਿੱਧੂ ਮੂਸੇਵਾਲਾ ਨੂੰ ਕੁਝ ਨਹੀਂ ਕਰੋਗੇ।

# ਪੁਲਿਸ ਤੇ ਮਾਈਨਿੰਗ ਵਿਭਾਗ ਦੀ ਸਾਂਝੀ ਕਾਰਵਾਈ, ਰੇਤ ਕੱਢਦੇ ਚਾਰ ਟਿੱਪਰ ਤੇ ਪੌਕ ਲਾਈਨ ਜ਼ਬਤ

ਲੁਧਿਆਣਾ, 17 ਜੁਲਾਈ, (ਪੋਸਟ ਬਿਊਰੋ)- ਅੱਜ ਸ਼ਨੀਵਾਰ ਨੂੰ ਲੁਧਿਆਣਾ ਪੁਲਿਸ ਅਤੇ ਮਾਈਨਿੰਗ ਵਿਭਾਗ ਦੀ ਟੀਮ ਨੇ ਰੇਤ ਮਾਫ਼ੀਆ ਦੇ ਖ਼ਿਲਾਫ਼ ਸਾਂਝੀ ਕਾਰਵਾਈ ਕਰਦਿਆਂ ਸਤਲੁਜ ਦਰਿਆ ਦੇ ਨਾਲ ਪੈਂਦੇ ਰਜ਼ਾਪੁਰ ਇਲਾਕੇ ਵਿੱਚੋਂ ਚਾਰ ਟਿੱਪਰ ਅਤੇ ਚਾਰ ਪੌਕਲਾਈਨਫੜੀਆਂ ਹਨ। ਰੇਤ ਦੀ ਨਾਜਾਇਜ਼ ਮਾਈਨਿੰਗ ਉੱਤੇ ਹੋਈ ਛਾਪੇਮੌਕੇ ਪੁਲਿਸ ਪਾਰਟੀ ਨੂੰ ਦੇਖ ਕੇ ਦੋਸ਼ੀਆਂ ਨੇ ਭੱਜਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਨ੍ਹਾਂ ਨੂੰ ਫੜ ਲਿਆ ਗਿਆ ਹੈ।

ਥਾਣਾ ਲਾਡੋਵਾਲ ਦੇ ਮੁਖੀ ਇੰਸਪੈਕਟਰ ਜਸਵੀਰ ਸਿੰਘ ਦੇ ਮੁਤਾਬਕ ਮਾਈਨਿੰਗ ਵਿੱਚ ਸ਼ਾਮਲ ਗ੍ਰਿਫ਼ਤਾਰ ਕੀਤੇ ਛੇ ਜਣਿਆਂ ਦੀ ਪਛਾਣ ਦਵਿੰਦਰ, ਰਮਨਦੀਪ, ਜਤਿੰਦਰ, ਲਾਲ ਸਿੰਘ, ਲਾਡੀ ਤੇ ਲਵਪ੍ਰੀਤ ਵਜੋਂ ਹੋਈ ਹੈ। ਉਹ ਜਲੰਧਰ ਲੁਧਿਆਣਾ ਅਤੇ ਗੜ੍ਹਸ਼ੰਕਰ ਦੇ ਵਸਨੀਕ ਹਨ। ਛਾਪੇ ਦੌਰਾਨ ਕੁਝ ਜਾਅਲੀ ਮਾਈਨਿੰਗ ਸਲਿੱਪਾਂ ਮਿਲੀਆਂ ਹਨ, ਜਿਨ੍ਹਾਂ ਦੀ ਵਰਤੋਂ ਟਿੱਪਰ ਜਾਂ ਟਰੈਕਟਰ ਟਰਾਲੀਆਂ ਦੇ ਡਰਾਈਵਰ ਪੁਲਿਸ ਨੂੰ ਗੁੰਮਰਾਹ ਕਰਨ ਲਈ ਕਰਦੇ ਸਨ।ਜਾਣਕਾਰ ਸੂਤਰਾਂ ਮੁਤਾਬਕ ਇਸ ਥਾਂ ਲੰਬੇ ਸਮੇਂ ਤੋਂ ਨਾਜਾਇਜ਼ ਮਾਈਨਿੰਗ ਚੱਲ ਰਹੀ ਸੀ, ਪਰ ਪੁਲਿਸ ਅਤੇ ਮਾਈਨਿੰਗ ਵਿਭਾਗ ਇਸ ਵੱਲ ਧਿਆਨ ਦੇਣ ਤੋਂ ਕੰਨੀ ਕਤਰਾਉਂਦਾ ਆ ਰਿਹਾ ਸੀ।

ਇਸ ਸੰਬੰਧਵਿੱਚ ਪੁਲਿਸ ਕਮਿ-ਸ਼ਨਰ ਡਾ.ਕੌਸਤੁਭ ਸ਼ਰਮਾ ਨੇ ਆਖਿਆ ਕਿ ਗ਼ੈਰ-ਕਾਨੂੰਨੀ ਮਾਈਨਿੰਗ ਰੈਕੇਟ ਦੀ ਜਾਂਚ ਕੀਤੀ ਜਾਵੇਗੀ ਤੇ ਇਸ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।ਉਨ੍ਹਾ ਕਿਹਾ ਕਿ ਇਸ ਕੇਸਵਿੱਚ ਛੇ ਜਣਿਆਂ ਨੂੰ ਗ੍ਰਿਫ਼ਤਾਰ ਕਰ ਕੇ ਮਾਈਨਿੰਗ ਐਕਟ ਦੇ ਤਹਿਤ ਕੇਸ ਦਰਜ ਕਰਨ ਦੇ ਨਾਲ ਜਾਅਲੀ ਸਲਿੱਪਾਂ ਬਣਾਉਣ ਦਾ ਕੇਸ ਵੀ ਦਰਜ ਕੀਤਾ ਹੈ। ਇਸ ਵਿੱਚ ਪੁਲਿਸ ਜਾਂ ਮਾਈਨਿੰਗ ਅਧਿਕਾਰੀਆਂ ਦੇ ਸ਼ਾਮਲ ਹੋਣ ਪੁੱਛਣ ਉੱਤੇ ਪੁਲਿਸ ਕਮਿਸ਼ਨਰ ਨੇ ਕਿਹਾ ਕਿ ਜਾਂਚ ਕਰਾਂਗੇ ਅਤੇ ਜੇ ਕੋਈ ਅਧਿਕਾਰੀ ਸ਼ਾਮਲ ਹੋਇਆ ਤਾਂ ਉਸ ਉੱਤੇ ਵੀ ਕਾਰਵਾਈ ਹੋਵੇਗੀ। ਇਸ ਦੌਰਾਨ ਚਰਚਾ ਸੀ ਕਿ ਕੈਬਨਿਟ ਮੰਤਰੀ ਹਰਜੋਤ ਬੈਂਸ ਦੀ ਸੂਚਨਾ ਪਿੱਛੋਂ ਪੁਲਿਸ ਤੇ ਮਾਈਨਿੰਗ ਵਿਭਾਗ ਨੇ ਕਾਰਵਾਈ ਕੀਤੀ ਹੈ, ਪਰ ਪੁਲਿਸ ਕਮਿਸ਼ਨਰ ਨੇ ਅਜਿਹੀ ਕੋਈ ਗੱਲ ਨਹੀਂ ਆਖੀ।













# ਕਰਮਜੀਤ ਗਰੇਵਾਲ ਦਾ ਗੀਤ 'ਬੱਚਿਓ ਯੁਗ ਵਿਗਿਆਨ ਦਾ ਆਇਆ' ਸੰਤ ਸੀਚੇਵਾਲ ਵੱਲੋਂ ਰਿਲੀਜ਼



ਲੁਧਿਆਣਾ, 17 ਜੁਲਾਈ (ਗਿਆਨ ਸਿੰਘ): ਬੱਚਿਆਂ ਲਈ 300 ਸਿੱਖਿਆਤਮਕ ਗੀਤਾਂ ਦੇ ਆਡੀਓ/ਵੀਡੀਓ ਤਿਆਰ ਕਰਨ ਵਾਲ਼ੇ ਕੌਮੀ ਪੁਰਸਕਾਰ ਜੇਤੂ ਅਧਿਆਪਕ ਤੇ ਉੱਘੇ ਪੰਜਾਬੀ ਲੇਖਕ ਕਰਮਜੀਤ ਸਿੰਘ ਗਰੇਵਾਲ (ਲਲਤੋਂ) ਦਾ ਨਵਾਂ ਬਾਲ ਗੀਤ "ਬੱਚਿਓ ਯੁਗ ਵਿਗਿਆਨ ਦਾ ਆਇਆ" ਉੱਘੇ ਵਾਤਾਵਰਣ ਸੰਭਾਲ ਚੇਤਨਾ ਕਰਮਯੋਗੀ ਸੰਤ ਬਲਵੀਰ ਸਿੰਘ ਸੀਚੇਵਾ਼ਲ ,ਰਾਜ ਸਭਾ ਮੈਂਬਰ, ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ.ਗੁਰਭਜਨ ਸਿੰਘ ਗਿੱਲ, ਸੰਤ ਸੁਖਜੀਤ ਸਿੰਘ ਸੀਚੇਵਾਲ, ਡਾਃ ਸਵਰਾਜ ਸਿੰਘ ਯੂ ਐੱਸ ਏ, ਡਾ. ਆਸਾ ਸਿੰਘ ਘੁੰਮਣ ਪ੍ਰਧਾਨ ਸਿਰਜਣਾ ਕੇਂਦਰ ਕਪੂਰਥਲਾ ਤੇ ਹੋਰ ਸਖ਼ਸ਼ੀਅਤਾਂ ਨੇ ਰਿਲੀਜ਼ ਕੀਤਾ।

ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ ਨੇ ਬੋਲਦਿਆਂ ਕਿਹਾ ਅਜਿਹੇ ਗੀਤ ਬਾਲ ਮਨਾਂ ਨੂੰ ਵਾਤਾਵਰਨ ਬਾਰੇ ਵਿਗਿਆਨਕ ਸੇਧ ਦੇਣ ਲਈ ਬਹੁਤ ਜ਼ਰੂਰੀ ਹਨ। ਵਿਗਿਆਨ ਦਾ ਮੁੱਖ ਮੰਤਵ ਹੀ ਮਨੁੱਖਤਾ ਅਤੇ ਬ੍ਰਹਿਮੰਡ ਦੀ ਭਲਾਈ ਹੋਣਾ ਚਾਹੀਦਾ ਹੈ।

ਪ੍ਰੋ.ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਬਾਲ ਮਨਾਂ ਨੂੰ ਸਿੱਖਿਆ ਅਤੇ ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਨਾ਼ਲ ਜੋੜਨ ਲਈ ਗੀਤ ਗਾਇਨ ਵਿਧੀ ਹਮੇਸ਼ਾ ਹੀ ਕਾਰਗਰ ਸਿੱਧ ਹੁੰਦੀ ਹੈ। ਉਨ੍ਹਾਂ ਕਿਹਾ ਕਿ ਮੇਰੇ ਮਿੱਤਰ ਸਃ ਦਲੀਪ ਸਿੰਘ ਦਾਨ ਸਪੁੱਤਰ ਕਰਮਜੀਤ ਸਿੰਘ ਗਰੇਵਾਲ ਬਹੁਤ ਦੇਰ ਤੋਂ ਉਸਾਰੂ ਤੇ ਸੇਧ ਦੇਣ ਵਾ਼ਲੇ ਗੀਤਾਂ ਰਾਹੀਂ ਬੱਚਿਆਂ ਨੂੰ ਸਾਹਿਤ ਅਤੇ ਸੱਭਿਆਚਾਰ ਅਤੇ ਕਦਰਾਂ ਕੀਮਤਾਂ ਨਾ਼ਲ ਜੋੜ ਰਿਹਾ ਹੈ ਤੇ ਉਹਨਾਂ ਦੀਆਂ ਸਭਿਆਚਾਰਕ ਜੜ੍ਹਾਂ ਮਜ਼ਬੂਤ ਕਰ ਰਿਹਾ ਹੈ।

ਉੱਘੇ ਲੇਖਕ ਤ੍ਰੈਲੋਚਨ ਲੋਚੀ ਨੇ ਦੱਸਿਆ ਕਿ ਕਰਮਜੀਤ ਸਿੰਘ ਗਰੇਵਾਲ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਲੇਬਸ ਵਿੱਚ ਸ਼ਾਮਲ ਛੇਵੀਂ ਤੋਂ ਅੱਠਵੀਂ ਤੱਕ ਦੇ ਸਾਰੇ ਗੀਤ/ਕਵਿਤਾਵਾਂ ਵੀ ਗਾ ਕੇ ਵੀਡੀਓ ਬਣਾਏ ਹਨ। ਇਨ੍ਹਾਂ ਵੱਲੋਂ ਬਾਲ ਸਾਹਿਤ ਵੰਨਗੀ ਵਾ਼ਲੇ ਬਾਲ ਗੀਤਾਂ, ਬਾਲ ਨਾਟਕਾਂ ਅਤੇ ਬਾਲ ਕਹਾਣੀਆਂ ਦੀਆਂ 10 ਪੁਸਤਕਾਂ ਆ ਚੁੱਕੀਆਂ ਹਨ।

4 ਪੁਸਤਕਾਂ ਸਕੂਲਾਂ ਲਈ ਪ੍ਰਵਾਨ ਹਨ। ਪਹਿਲੀ ਪੁਸਤਕ ਨੂੰ ਸਰਵੋਤਮ ਬਾਲ ਸਾਹਿਤ ਪੁਰਸਕਾਰ ਅਤੇ ਇਨ੍ਹਾਂ ਦੇ ਬਣਾਏ ਵੀਡੀਓ ਪੰਜਾਬੀ ਵਰਨਮਾ਼ਲਾ ਨੂੰ ਅਮੈਰੀਕਨ ਇੰਡੀਆ ਫਾਂਊਡੇਸ਼ਨ ਟ੍ਰਸਟ ਵੱਲੋਂ ਪਹਿਲਾ ਇਨਾਮ ਮਿਲ ਚੁੱਕਿਆ ਹੈ।

ਇਸ ਮੌਕੇ ਹਾਜ਼ਰ ਪ੍ਰਸਿੱਧ ਵਿਦਵਾਨ ਡਾ. ਸਵਰਾਜ ਸਿੰਘ, ਡਾ. ਆਸਾ ਸਿੰਘ ਘੁੰਮਣ, ਮੋਤਾ ਸਿੰਘ ਸਰਾਏ ਯੂ ਕੇ, ਸ਼ਾਇਰ ਮਨਜਿੰਦਰ ਧਨੋਆ , ਪਾਲ ਸਿੰਘ ਨੌਲੀ, ਸਵਰਨ ਸਿੰਘ ਪ੍ਰਧਾਨ ਪੰਜਾਬੀ ਸਾਹਿੱਤ ਸਭਾ ਸੁਲਤਾਨਪੁਰ ਲੋਧੀ, ਖਤਾਰ ਸਿੰਘ ਚੰਦੀ, ਸੰਤ ਸੰਧੂ, ਡਾ. ਰਾਮ ਮੂਰਤੀ , ਕੁਲਵਿੰਦਰ ਸਿੰਘ ਸਰਾਏ ਅਤੇ ਹੋਰ ਸਖ਼ਸ਼ੀਅਤਾਂ ਨੇ ਵੀ ਕਰਮਜੀਤ ਗਰੇਵਾਲ ਦੇ ਇਸ ਉਪਰਾਲੇ ਲਈ ਮੁਬਾਰਕਬਾਦ ਦਿੱਤੀ।

# ਪੰਜਾਬ ਤੇ ਚੰਡੀਗੜ੍ਹ ਤੋਂ ਕਾਰਾਂ ਚੋਰੀ ਕਰ ਕੇ ਬਿਹਾਰ ਵਿੱਚ ਵੇਚਣ ਵਾਲੇ ਤਿੰਨ ਜਣੇ ਗ੍ਰਿਫਤਾਰ

ਚੰਡੀਗੜ੍ਹ, 17 ਜੁਲਾਈ (ਪੋਸਟ ਬਿਊਰੋ)- ਪੰਜਾਬ ਅਤੇ ਚੰਡੀਗੜ੍ਹ ਤੋਂ ਗੱਡੀਆਂ ਚੋਰੀ ਕਰ ਕੇ ਨੰਬਰ ਪਲੇਟ ਬਦਲਣ ਦੇ ਬਾਅਦ ਬਿਹਾਰ ਲੈ ਜਾਣ ਵਾਲੇ ਇੰਟਰ ਸਟੇਟ ਗੈਂਗ ਦੇ ਤਿੰਨ ਦੋਸ਼ੀਆਂ ਨੂੰ ਕਰਾਈਮ ਬ੍ਰਾਂਚ ਨੇ ਫੜਿਆ ਹੈ। ਦੋਸ਼ੀਆਂ ਨੇ ਮੰਨਿਆ ਹੈ ਕਿ ਉਹ ਨੰਬਰ ਪਲੇਟ ਬਦਲ ਕੇ ਬਾਰਡਰ ਪਾਰ ਕਰਦੇ ਸਨ, ਤਾਂ ਕਿ ਗੱਡੀ ਦੀ ਪਛਾਣਨਾ ਹੋ ਸਕੇ ਅਤੇ ਬਿਹਾਰ ਦੇ ਮੁਜ਼ੱਫਰਨਗਰ ਤੇ ਲਾਲਗੰਜ ਪਹੁੰਚ ਕੇ ਫਿਰ ਅਸਲੀ ਨੰਬਰ ਪਲੇਟ ਲਾ ਕੇ ਅਤੇ ਇੰਜਣ ਤੇ ਚੈਸੀ ਨੰਬਰ ਮਿਟਾ ਕੇ ਸਸਤੇ ਭਾਅ ਵੇਚ ਦਿੰਦੇ ਸਨ। ਸ਼ੱਕ ਕੀਤਾ ਜਾਂਦਾ ਹੈ ਕਿ ਚੰਡੀਗੜ੍ਹ, ਪੰਜਾਬ, ਹਰਿਆਣਾ ਤੇ ਦਿੱਲੀ ਵਿੱਚ 72 ਹਜ਼ਾਰ ਦੇ ਕਰੀਬ ਜਾਅਲੀ ਹਾਈ ਸਕਿਓਰਿਟੀ ਨੰਬਰ ਪਲੇਟ ਨਾਲ ਗੱਡੀਆਂ ਚੱਲ ਰਹੀਆਂ ਹਨ। ਫੜੇ ਗਏ ਲੋਕਾਂ ਦੀ ਪਛਾਣ ਅਕਸ਼ੈ (28), ਜੈਪਾਲ (23) ਅਤੇ ਰਾਹੁਲ (27) ਵਜੋਂ ਹੋਈ ਹੈ। ਤਿੰਨੇ ਸੋਨੀਪਤ ਦੇ ਹਨ। ਇਨ੍ਹਾਂ ਵਿੱਚ ਅਕਸ਼ੈ ਮੁੱਖ ਦੋਸ਼ੀ ਹੈ। ਉਹ ਪਹਿਲਾਂ ਚੋਰੀ ਦੇ 16 ਕੇਸਾਂ ਵਿੱਚ ਜੇਲ੍ਹ ਵਿੱਚੋਂ ਜੇਲ੍ਹ ਜਾ ਚੁੱਕਾ ਹੈ। ਦੋਸ਼ੀਆਂ ਦੀ ਨਿਸ਼ਾਨਦੇਹੀ ਉੱਤੇ ਬਿਹਾਰ ਤੋਂ ਸੱਤ ਗੱਡੀਆਂ ਰਿਕਵਰ ਕੀਤੀਆਂ ਗਈਆਂ ਹਨ। ਇੱਕ ਬਰੇਜਾ ਕਾਰ ਚੰਡੀਗੜ੍ਹ ਤੋਂ ਚੋਰੀ ਕੀਤੀ ਗਈ ਸੀ ਅਤੇ ਬਾਕੀ ਛੇ ਗੱਡੀਆਂ ਦੀ ਚੋਰੀ ਦਾ ਕੇਸ ਤੱਕ ਦਰਜ ਨਹੀਂ ਸੀ ਹੋਇਆ। ਇਨ੍ਹਾਂ ਵਿੱਚ ਚਾਰ ਬਰੇਜਾ, ਇੱਕ ਸੇਲੇਰੀਓ, ਇੱਕ ਸਿਆਜ ਸ਼ਾਮਲ ਹਨ। ਇਹ ਲੋਕ ਗੱਡੀਆਂ ਦੇ ਸ਼ੀਸ਼ੇ ਟੇਪ ਨਾਲ ਹੇਠਾਂ ਉਤਾਰਦੇ ਸਨ, ਗੱਡੀ ਵਿੱਚ ਵੜ ਕੇ ਤਾਰਾਂ ਦੇ ਨਾਲ ਇਗਨੀਸ਼ਨ ਆਨ ਕਰ ਕੇ ਗੱਡੀ ਸਟਾਰਟ ਕਰ ਲੈਂਦੇ ਸਨ।

# ਪੰਜਾਬੀ ਲਿਖਣ ਵਾਲਾ ਪਹਿਲਾ ਮਨੁੱਖੀ ਰੋਬੋਟ: 'ਸਰਬੰਸ ਸਿੰਘ'



ਜਗਜੀਤ ਸਿੰਘ ਗਣੇਸ਼ਪੁਰ,
ਮੀਡੀਆ ਸਲਾਹਕਾਰ,
ਸਰਬੰਸ ਰੋਬੋਟਿਕਸ,
ਮੋਬਾਈਲ-94655-76022

ਅਸੀਂ ਇਤਿਹਾਸ ਦੇ ਅਜਿਹੇ ਮੋੜ 'ਤੇ ਹਾਂ ਜਿਥੇ ਅਸੰਭਵ ਹਕੀਕਤ ਬਣ ਗਿਆ ਹੈ। 'ਰੋਬੋਟਿਕਸ' ਸਭ ਤੋਂ ਤੇਜ਼ੀ ਨਾਲ ਵੱਧਣ ਵਾਲਾ ਖੇਤਰ ਬਣਦਾ ਜਾ ਰਿਹਾ ਹੈ। 'ਰੋਬੋਟਿਕਸ' ਇੰਜੀਨੀਅਰਿੰਗ ਦੀ ਹੀ ਇੱਕ ਸ਼ਾਖਾ ਹੈ ਜਿਸ ਵਿੱਚ ਰੋਬੋਟਸ ਦਾ ਡਿਜ਼ਾਈਨ, ਨਿਰਮਾਣ ਅਤੇ ਸੰਚਾਲਨ ਸ਼ਾਮਲ ਹੁੰਦਾ ਹੈ। ਰੋਬੋਟਿਕਸ ਖੇਤਰ ਦਾ ਉਦੇਸ਼ ਬੁੱਧੀਮਾਨ ਮਸ਼ੀਨਾਂ ਬਣਾਉਣਾ ਹੈ ਜੋ ਮਨੁੱਖਾਂ ਦੀ ਵੱਖ-ਵੱਖ ਤਰੀਕਿਆਂ ਨਾਲ ਸਹਾਇਤਾ ਕਰ ਸਕਦੀਆਂ ਹਨ। ਵਿਸ਼ਵੀਕਰਨ ਦੇ ਇਸ ਯੁੱਗ ਵਿੱਚ ਇਸ ਖੇਤਰ ਵਿੱਚ ਵੀ ਨਿਤ-ਨਵੇਂ ਤਜਰਬੇ ਹੁੰਦੇ ਰਹਿੰਦੇ ਹਨ। ਕੰਪਿਊਟਰ ਅਤੇ ਇਲੈਕਟ੍ਰਾਨਿਕਸ ਦੇ ਅਜੋਕੇ ਯੁੱਗ ਵਿੱਚ 'ਰੋਬੋਟ' ਦਾ ਨਿਰਮਾਣ ਅਤੇ ਵਰਤੋਂ ਦਿਨੋਂ-ਦਿਨ ਵੱਧ ਰਹੀ ਹੈ।

ਰੋਬੋਟਿਕਸ, ਮਸਨੂਈ ਬੁੱਧੀ ਨਾਲ ਸਬੰਧਿਤ ਪ੍ਰਮੁੱਖ ਖੇਤਰ ਹੈ। ਬਿਲਕੁਲ ਸੌਖੇ ਸ਼ਬਦਾਂ ਵਿੱਚ ਜੇਕਰ ਸਮਝਾਇਆ ਜਾਏਗਾ ਤਾਂ ਮਸਨੂਈ ਬੁੱਧੀ ਪ੍ਰਕਿਰਤਕ ਰੂਪ ਵਿੱਚ ਮਨੁੱਖੀ ਬੁੱਧੀ ਵਾਂਗ ਮਸ਼ੀਨਾਂ ਦੁਆਰਾ ਬੁੱਧੀ ਦੀ ਵਰਤੋਂ ਕਰਨ ਦਾ ਸੰਕਲਪ ਹੈ। ਇਸ ਹੀ ਸੰਦਰਭ ਵਿੱਚ ਵੱਖ-ਵੱਖ ਕਿਸਮ ਦੇ ਰੋਬੋਟਸ ਤਿਆਰ ਕੀਤੇ ਜਾ ਰਹੇ ਹਨ। ਘਰੈਲੂ ਕੰਮਕਾਰ ਵਾਲੇ ਰੋਬੋਟਸ ਤੋਂ ਉਦਯੋਗ ਖੇਤਰ, ਸਿਹਤ ਖੇਤਰ ਤੋਂ ਲੈ ਕੇ ਰੱਖਿਆ ਖੇਤਰ ਅਤੇ ਸਿੱਖਿਆ ਤੋਂ ਏਰੋਸਪੇਸ ਤੱਕ ਇਨ੍ਹਾਂ ਦਾ ਜਲਵਾ ਹਰ ਜਗ੍ਹਾ ਵੇਖਣ ਨੂੰ ਮਿਲ ਰਿਹਾ ਹੈ। ਵੱਡੀਆਂ-ਵੱਡੀਆਂ ਸੰਸਥਾਵਾਂ ਆਪਣੇ ਬਹੁਪੱਖੀ ਰੋਬੋਟਸ ਬਜ਼ਾਰ ਵਿੱਚ ਉਤਾਰ ਰਹੀਆਂ ਹਨ। ਅਜਿਹੇ ਵਿੱਚ ਜੇਕਰ ਸਾਡੇ ਭਾਰਤ ਦੀ ਗੱਲ ਕੀਤੀ ਜਾਏ ਤਾਂ ਭਾਰਤ ਵਿੱਚ ਵੀ ਕਈ ਤਰ੍ਹਾਂ ਦੇ ਰੋਬੋਟਸ ਤਿਆਰ ਕੀਤੇ ਗਏ ਹਨ ਜਿੰਨਾ ਵਿੱਚ 'ਮਾਨਵ' ਰੋਬੋਟ ਦਾ ਜਿਕਰ ਕਰਨਾ ਵੀ ਬਣਦਾ ਹੈ ਕਿਉਂਕਿ ਇਹ ਭਾਰਤ ਦਾ ਪਹਿਲਾ ਮਨੁੱਖੀ ਰੋਬੋਟ ਹੈ। ਇਸਨੂੰ 2014 ਵਿੱਚ ਏ-ਸੈਟ ਸਿਖਲਾਈ ਅਤੇ ਖੋਜ ਸੰਸਥਾਨ ਦੀ ਪ੍ਰਯੋਗਸ਼ਾਲਾ ਵਿੱਚ ਵਿਕਸਤ ਕੀਤਾ ਗਿਆ ਸੀ।


ਅਜਿਹੇ ਵਿੱਚ ਸਾਡੇ ਪੰਜਾਬੀਆਂ ਲਈ ਵੀ ਬੜੇ ਮਾਣ ਵਾਲੀ ਗੱਲ ਹੈ ਕਿ ਜਲੰਧਰ ਜਿਲ੍ਹੇ ਦੇ ਸਰਕਾਰੀ ਹਾਈ ਸਕੂਲ ਰੋਹਜੜੀ ਵਿਖੇ ਕੰਪਿਊਟਰ ਅਧਿਆਪਕ ਵਜੋਂ ਸੇਵਾ ਨਿਭਾ ਰਹੇ ਸਰਦਾਰ ਹਰਜੀਤ ਸਿੰਘ ਨੇ 'ਸਰਬੰਸ ਸਿੰਘ' ਨਾਮਕ ਪਹਿਲਾ ਪੰਜਾਬੀ ਸਮਝਣ ਅਤੇ ਲਿੱਖਣ ਵਾਲਾ ਮਨੁੱਖੀ ਰੋਬੋਟ ਤਿਆਰ ਕੀਤਾ ਹੈ। ਇਸ ਤੋਂ ਪਹਿਲਾ ਹਰਜੀਤ ਸਿੰਘ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ 'ਸਰਬੰਸ' ਪ੍ਰੋਗਰਾਮਿੰਗ ਭਾਸ਼ਾ ਅਤੇ 'ਸਰਬੰਸ ਕੌਰ' ਨਾਮਕ ਪਹਿਲਾ ਪੰਜਾਬੀ ਬੋਲਣ ਵਾਲਾ ਮਨੁੱਖੀ ਰੋਬੋਟ ਵੀ ਪਾ ਚੁੱਕੇ ਹਨ। 'ਸਰਬੰਸ ਸਿੰਘ' ਨੂੰ ਹਰਜੀਤ ਸਿੰਘ ਨੇ ਘਰੈਲੂ ਵਸਤਾਂ ਤੋਂ ਹੀ ਤਿਆਰ ਕੀਤਾ ਹੈ। ਇਸ ਵਿੱਚ 'ਸਰਬੰਸ ਕੌਰ' ਦੇ ਪੁਰਜਿਆਂ ਨੂੰ ਵੀ ਵਰਤੋਂ ਵਿੱਚ ਲਿਆਂਦਾ ਗਿਆ ਹੈ। ਸਾਧਨਾਂ ਅਤੇ ਵਿੱਤੀ ਸਹਾਇਤਾ ਦੀ ਕਮੀ ਹੀ ਹਰਜੀਤ ਸਿੰਘ ਦੇ ਕਾਰਜਾਂ ਅੱਗੇ ਅੜਿਕਾ ਡਾਹ ਰਹੀ ਹੈ। ਅਲਬੱਤਾ ਯੋਗਤਾਵਾਂ ਦੀ ਕੋਈ ਘਾਟ ਨਹੀਂ, ਲੋੜ ਹੈ ਤਾਂ ਸਿਰਫ਼ ਸੰਸਥਾਵਾਂ ਜਾਂ ਸਰਕਾਰ ਨੂੰ ਇਸ ਨੌਜਵਾਨ ਦੀ ਬਾਂਹ ਫੜਨ ਦੀ। ਅਕਸਰ ਸਾਡਾ ਬੁੱਧੀਜੀਵੀ ਵਰਗ ਇਹ ਤੌਖਲਾ ਪ੍ਰਗਟ ਕਰਦਾ ਹੈ ਕਿ ਪੰਜਾਬ ਵਿੱਚੋਂ ਬ੍ਰੇਨ ਡਰੇਨ ਹੋ ਰਿਹਾ ਹੈ, ਸੋ ਲੋੜ ਹੈ ਅਜਿਹੇ ਹੁਨਰਮੰਦ ਨੌਜਵਾਨਾਂ ਦੇ ਕਾਰਜਾਂ ਨੂੰ ਹੱਲਾਸ਼ੇਰੀ ਦੇ ਕੇ ਉਨ੍ਹਾਂ ਦੇ ਕਾਰਜਾਂ ਨੂੰ ਸਮਾਜ ਦੀ ਭਲਾਈ ਲਈ ਵਰਤਿਆ ਜਾਏ। ਅਜਿਹੇ ਪ੍ਰਤਿਭਾਸ਼ਾਲੀ ਨੌਜਵਾਨ ਹੋਰਨਾਂ ਦਾ ਵੀ ਰਾਹ ਦਸੇਰਾ ਬਣਨਗੇ।

'ਸਰਬੰਸ ਸਿੰਘ' ਦੀਆਂ ਵਿਸ਼ੇਸ਼ਤਾਵਾਂ:-

1. ਸਰਬੰਸ ਸਿੰਘ ਪਹਿਲਾ ਪੰਜਾਬੀ ਸਮਝਣ ਅਤੇ ਲਿਖ ਸਕਣ ਵਾਲਾ ਮਨੁੱਖੀ ਰੋਬੋਟ।
2. ਮੁੱਖ ਮਕਸਦ ਪੰਜਾਬੀ ਮਾਂ-ਬੋਲੀ ਦੀ ਸੇਵਾ, ਪ੍ਰਚਾਰ ਅਤੇ ਪਸਾਰ।
3. ਇਕ ਸੰਪੂਰਨ ਪੰਜਾਬੀ ਮਨੁੱਖੀ ਰੋਬੋਟ ਬਣਾਉਣ ਦੇ ਰਾਹ ਵਿਚ ਇਹ ਦੂਸਰਾ ਪੜਾਅ ਹੈ, ਸੰਪੂਰਨ ਮਨੁੱਖੀ ਰੋਬੋਟ ਕਾਰਜ ਅਧੀਨ ਹੈ।
4. ਸਾਧਨਾਂ ਦੀ ਕਮੀ ਨੂੰ ਪੂਰਾ ਕਰਨ ਲਈ 'ਸਰਬੰਸ ਸਿੰਘ' ਇਕ ਜ਼ਰੀਆ ਜਰੂਰ ਬਣ ਸਕਦਾ।
5. ਵਰਣਮਾਲਾ ਤੇ ਬਹੁਤਾਤ ਅੱਖਰ 'ਸਰਬੰਸ ਸਿੰਘ' ਲਿਖ ਸਕਦਾ ਹੈ ਪਰ ਘੁਮਾਓਦਾਰ ਜਾਂ ਜਿਨ੍ਹਾਂ ਅੱਖਰਾਂ ਦੇ ਵਿੱਚ ਹੱਥ ਚੁੱਕਣ ਦੀ ਲੋੜ ਹੈ ਉਨ੍ਹਾਂ ਵਿੱਚ ਕੁਝ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।
6. ਦੋ ਅੱਖਰਾਂ ਦੇ ਜੋੜ ਵਾਲੇ ਸ਼ਬਦ ਵੀ ਬਾਖੂਬੀ ਲਿਖ ਲੈਂਦਾ ਹੈ। ਤਿੰਨ ਅੱਖਰੀ ਜਾਂ ਇਸ ਤੋਂ ਵੱਧ ਜਿਵੇ ਵਾਕ ਲਿੱਖਣ ਉਪਰ ਅਜੇ ਕੰਮ ਜਾਰੀ ਹੈ, ਕੋਸ਼ਿਸ਼ ਹੈ ਕਿ ਬਹੁਤ ਜਲਦ ਅਜਿਹਾ ਕਰਨ ਵਿੱਚ ਕਾਮਯਾਬ ਹੋਵੇਗਾ।
7. ਸਿੱਖਿਆ ਦੇ ਖੇਤਰ ਵਿੱਚ ਸਮਾਰਟ ਕਲਾਸਾਂ ਵਿੱਚ ਆਪਣੀ ਮਹੱਤਵਪੂਰਣ ਭੂਮਿਕਾ ਨਿਭਾ ਸਕਦਾ ਹੈ।
8. ਲਿਖਣ ਲਈ ਸੱਜੇ ਹੱਥ ਦੀ ਵਰਤੋਂ ਕਰਦਾ ਹੈ।
9. ਹਾਲੇ ਇਸ ਰੋਬੋਟ ਦਾ ਲਕ ਤੋਂ ਉਪਰਲਾ ਹਿੱਸਾ ਹੀ ਤਿਆਰ ਕੀਤਾ ਗਿਆ ਹੈ, ਅਜਿਹਾ ਕਹਿ ਸਕਦੇ ਹਾਂ ਕਿ ਇਹ ਰੋਬੋਟ ਹਾਲੇ ਸ਼ੁਰੂਆਤੀ ਦੌਰ ਵਿੱਚ ਹੀ ਹੈ।
10. ਇਸ ਰੋਬੋਟ ਨੂੰ ਅਵਾਜ਼ ਹਰਜੀਤ ਸਿੰਘ ਨੇ ਖੁਦ ਦਿੱਤੀ ਹੈ।



ਇਸ ਰੋਬੋਟ ਉਪਰ 'ਸਰਬੰਸ ਕੌਰ' ਰੋਬੋਟ ਦੇ ਭਾਗ ਵਰਤਣ ਦੇ ਨਾਲ-ਨਾਲ ਤਕਰੀਬਨ ਇਕ ਲੱਖ ਦਾ ਖਰਚਾ ਆ ਚੁੱਕਿਆ ਹੈ। ਅਜੇ ਇਸ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਨਹੀਂ ਜਾਇਆ ਜਾ ਸਕਦਾ। ਜੇਕਰ ਇਸ ਰੋਬੋਟ ਨੂੰ ਦੁਨੀਆਂ ਦੇ ਬੇਹਤਰੀਨ ਰੋਬੋਟਸ ਦੀ ਕਤਾਰ ਵਿੱਚ ਖੜਾ ਕਰਨਾ ਹੈ ਤਾਂ ਇਸ ਦੇ ਲਈ ਵੱਡੇ ਵਿਤੀ ਸਹਾਇਤਾ ਦੀ ਲੋੜ ਹੈ ਕਿਉਂਕਿ ਇਹ ਕਿਸੇ ਇਕੱਲੇ ਇਨਸਾਨ ਦੇ ਵਸ ਦੀ ਗੱਲ ਨਹੀਂ। ਇਸ ਹੀ ਮੰਤਵ ਲਈ 'ਸਰਬੰਸ ਐਜੂਕੇਸ਼ਨ ਸੁਸਾਇਟੀ' ਨੂੰ ਇਸ ਸਾਲ ਰਜਿਸਟਰ ਕਰਵਾਇਆ ਗਿਆ ਹੈ ਤਾਂ ਜੋ ਡਿਜੀਟਲ ਯੁਗ ਵਿੱਚ ਪੰਜਾਬੀ ਮਾਂ ਬੋਲੀ ਦੀ ਸੇਵਾ ਵਿਚ ਹੋਰ ਉਪਰਾਲੇ ਕੀਤੇ ਜਾ ਸਕਣ, ਸੁਹਿਰਦ ਦਾਨੀ ਸੱਜਣ ਸੁਸਾਇਟੀ ਦੇ ਨਾਂ ਹੇਠ ਸਹਿਯੋਗ ਕਰ ਸਕਦੇ ਹਨ। ਇਹ ਆਸ ਕੀਤੀ ਜਾ ਸਕਦੀ ਹੈ ਕਿ 'ਸਰਬੰਸ ਕੌਰ' ਤੋਂ ਸ਼ੁਰੂ ਹੋਇਆ ਇਹ ਸਫ਼ਰ ਦੁਨੀਆਂ ਦੇ ਇਕ ਬਿਹਤਰੀਨ ਮਨੁੱਖੀ ਰੋਬੋਟ ਤੱਕ ਜਾਂ ਪਹੁੰਚੇਗਾ ਤੇ ਸਾਡਾ ਸਾਰੇ ਪੰਜਾਬ ਵਾਸੀਆਂ ਦਾ ਸਿਰ ਮਾਣ ਨਾਲ ਉੱਚਾ ਹੋਵੇਗਾ ਕਿ ਰੋਬੋਟਿਕਸ ਦੀ ਦੁਨੀਆਂ ਵਿੱਚ ਪੰਜਾਬੀ ਬੋਲੀ ਦਾ ਝੰਡਾਬਰਦਾਰ ਵੀ ਕੋਈ ਹੈ.... ਆਮੀਨ !!






# ਜਿਨ੍ਹਾਂ ਗੱਲਾਂ ਨੇ ਸ੍ਰੀਲੰਕਾ ਡੋਬਿਆ, ਉਹੀ ਪਾਕਿਸਤਾਨ ਨੂੰ ਡੋਬ ਦੇਣ ਤਾਂ ਹੈਰਾਨੀ ਨਹੀਂ ਹੋਵੇਗੀ



ਜਤਿੰਦਰ ਪੰਨੂ


ਪਿਛਲੇ ਅੱਧੀ ਕੁ ਦਰਜਨ ਸਾਲਾਂ ਤੋਂ ਅਸੀਂ ਆਪਣੇ ਗਵਾਂਢੀ ਦੇਸ਼ ਪਾਕਿ-ਸਤਾਨ ਬਾਰੇ ਸੁਣਦੇ ਆਏ ਸਾਂ ਕਿ ਆਪਣੀ ਆਰਥਿਕਤਾ ਡੁੱਬਦੀ ਨੂੰ ਰੋਕ ਨਾ ਸਕਿਆ ਤਾਂ ਇਹ ਆਪਣੇ ਆਗੂਆਂ ਦੇ ਪਾਪੀ ਕਿਰਦਾਰ ਦੇ ਭਾਰ ਹੇਠ ਡੁੱਬਣ ਤੋਂ ਬਚ ਨਹੀਂ ਸਕੇਗਾ। ਇੱਕ ਵਾਰੀ ਇਸ ਵਿਸ਼ੇ ਉੱਤੇ ਇੱਕ ਆਰਥਿਕ ਮਾਹਰ ਨਾਲ ਸਾਡੀ ਗੱਲ ਹੋਈ ਤਾਂ ਉਸ ਨੇ ਭਰਵੇਂ ਭਰੋਸੇ ਨਾਲ ਕਿਹਾਸੀ ਕਿ ਏਡੀ ਛੇਤੀ ਇਹ ਨਹੀਂ ਡੁੱਬੇਗਾ, ਜਿੰਨਾ ਸਮਝਿਆ ਜਾ ਰਿਹਾ ਹੈ। ਅਸੀਂ ਪੁੱਛਿਆ ਸੀ ਕਿ ਏਨੇ ਭਰੋਸੇ ਨਾਲ ਉਹ ਇਹ ਗੱਲ ਕਿਸ ਆਧਾਰ ਉੱਤੇ ਕਹਿੰਦੇ ਹਨ ਤੇ ਉਨ੍ਹਾਂ ਨੇ ਮੋੜਵਾਂ ਸਾਨੂੰ ਪੁੱਛਿਆ ਸੀ ਕਿ ਪਿਛਲੇ ਦਹਾਕੇ ਵਿੱਚਜਿਹੜੀ ਮੰਦੀ ਸੰਸਾਰ ਵਿੱਚਆਈ ਸੀ, ਭਾਰਤ ਉੱਤੇ ਉਸ ਦਾ ਓਨਾ ਅਸਰ ਕਿਉਂ ਨਾ ਹੋਇਆ ਤੇ ਜਿੰਨੇ ਬੈਂਕ ਅਮਰੀਕਾ ਵਿੱਚ ਬੰਦ ਹੋ ਗਏ ਸਨ, ਭਾਰਤ ਵਿੱਚ ਓਨੇ ਬੰਦ ਕਿਉਂ ਨਹੀਂ ਸਨ ਹੋਏ? ਸਾਡੇ ਕੋਲ ਸਵਾਲ ਦਾ ਜਵਾਬ ਨਹੀਂ ਸੀ। ਉਸ ਨੇ ਖੁਦ ਦੱਸਿਆ ਸੀ ਕਿ ਇਸ ਦਾ ਕਾਰਨ ਭਾਰਤ ਦੀ ਦਿੱਸਦੀ ਤੋਂ ਵੱਧ ਅੰਡਰ-ਗਰਾਊਂਡ ਆਰਥਿਕਤਾ ਹੈ। ਅਮਰੀਕਾ ਦੀ ਆਰਥਿਕਤਾ ਵਿੱਚ ਕਿਸੇ ਡੁੱਬਦੇ ਗ੍ਰਾਹਕ ਤੋਂ ਬੈਂਕ ਨੇ ਵਸੂਲੀ ਕਰਨੀ ਹੋਵੇ ਤਾਂ ਮਾਰਕੀਟ ਰੇਟ ਦੇ ਮੁਤਾਬਕ ਕਰਜ਼ਾ ਦਿੱਤਾ ਹੋਣ ਕਾਰਨ ਓਨਾ ਕੁ ਵੀ ਮਸਾਂ ਉਗਰਾਹਿਆ ਜਾਂਦਾ ਹੈ, ਮਾਰਕੀਟ ਡਿੱਗਣ ਕਾਰਨਕਸਟਮਰ ਦੀ ਜਾਇਦਾਦ ਦਾ ਮੁੱਲ ਵੀ ਦੇਣਦਾਰੀ ਤੋਂ ਘੱਟ ਬਣਦਾ ਹੈ ਤਾਂ ਬੈਂਕ ਦੇ ਪੈਸੇ ਪੂਰੇ ਨਹੀਂ ਹੁੰਦੇ, ਪਰ ਭਾਰਤ ਵਿੱਚ ਕਾਗਜ਼ੀ ਰੇਟ ਵੇਖ ਕੇ ਕਰਜ਼ਾ ਦਿੱਤਾ ਜਾਂਦਾ ਹੈ ਤੇ ਮਾਰਕੀਟ ਰੇਟ ਵੱਧ ਹੋਣ ਕਰ ਕੇ ਘਾਟਾ ਕਦੇ ਨਹੀਂ ਪੈਂਦਾ। ਬੈਂਕ ਉਹ ਜਾਇਦਾਦ ਜ਼ਬਤ ਕਰ ਕੇ ਵੇਚ ਦੇਵੇ ਤਾਂ ਵੱਧ ਮਾਰਕੀਟ ਰੇਟਕਾਰਨ ਉਸ ਦੇ ਪੈਸੇ ਪੂਰੇ ਹੋਣ ਪਿੱਛੋਂ ਸਗੋਂ ਹੋਰ ਮੁਨਾਫਾ ਹੁੰਦਾ ਹੈ, ਜਿਹੜਾ ਅਮਰੀਕਾ ਦੇ ਬੈਂਕਾਂ ਨੂੰ ਨਹੀਂ ਹੋ ਸਕਦਾ। ਪਿਛਲੇ ਹਫਤੇ ਉਹੋ ਮਾਹਰ ਖੁਦ ਮਿਲਣ ਆਇਆ ਤੇ ਕਹਿਣ ਲੱਗਾ ਕਿ ਉਹ ਦਿਨ ਪਿੱਛੇ ਰਹਿ ਗਏ, ਸ੍ਰੀਲੰਕਾ ਨੇ ਦੁਨੀਆ ਨੂੰ ਵਿਖਾ ਦਿੱਤਾ ਹੈ ਕਿ ਪਾਕਿਸਤਾਨ ਵੀ ਆਪਣੇ ਪੈਰਾਂ ਤੋਂ ਉੱਖੜ ਸਕਦਾ ਹੈ ਤੇ ਭਵਿੱਖ ਵਿੱਚ ਏਦਾਂ ਦਾ ਝਟਕਾ ਕਿਸੇ ਵੀ ਉਸ ਦੇਸ਼ ਨੂੰ ਲੱਗ ਸਕਦਾ ਹੈ, ਜਿੱਥੇ ਲੀਡਰਸ਼ਿਪ ਸਿਰੇ ਦੀ ਕੁਰੱਪਟ ਹੁੰਦੀ ਹੈ।

ਜਦੋਂ ਪਿਛਲੇ ਸਾਲਾਂ ਵਿੱਚ ਪਾਕਿ-ਸਤਾਨ ਦੀਆਂ ਗੱਲਾਂ ਚੱਲਿਆ ਕਰਦੀਆਂ ਸਨ ਕਿ ਉਹ ਵੀ ਅਫਗਾਨਿਸਤਾਨ ਵਾਲੇ ਰਾਹ ਪੈ ਸਕਦਾ ਹੈ, ਤਾਮਿਲਾਂ ਨਾਲ ਗ੍ਰਹਿ ਯੁੱਧ ਵਾਲੀ ਸਥਿਤੀ ਤੋਂ ਨਿਕਲ ਚੁੱਕੇ ਸ੍ਰੀਲੰਕਾ ਬਾਰੇ ਓਦੋਂ ਕਦੀ ਏਦਾਂ ਦੀ ਗੱਲ ਨਹੀਂ ਸੀ ਸੁਣੀ ਗਈ।ਭਾਵੇਂ ਇਹ ਕਿਹਾ ਜਾਂਦਾ ਸੀ ਕਿ ਆਰਥਿਕ ਪੱਖੋਂ ਸ੍ਰੀਲੰਕਾ ਦੀ ਹਾਲਤ ਖਰਾਬ ਹੋ ਰਹੀ ਹੈ, ਪਰ ਭੁੱਖ ਦੇ ਮਾਰੇ ਲੋਕ ਇੱਕ ਦਿਨ ਪ੍ਰਧਾਨ ਮੰਤਰੀ ਦਾ ਘਰ ਸਾੜਨ ਅਤੇ ਰਾਸ਼ਟਰਪਤੀ ਭਵਨ ਦੇ ਅੰਦਰ ਵੜ ਕੇ ਉਸ ਨੂੰ ਪਿਛਲੇ ਦਰਵਾਜ਼ਿਉਂ ਭੱਜਣ ਲਈ ਮਜਬੂਰ ਕਰ ਦੇਣਗੇ, ਇਹ ਕਿਸੇ ਨੇ ਨਹੀਂ ਸੀ ਕਿਹਾ। ਇਸ ਅਣਕਿਆਸੀ ਭਾਜੜ ਦਾ ਗਵਾਹ ਪਿਛਲਾ ਹਫਤਾ ਬਣਿਆ ਹੈ, ਜਿਸ ਵਿੱਚ ਆਮ ਲੋਕ ਬਾਜ਼ਾਰਾਂ ਵਿੱਚ ਫਿਰਦੇ ਅਤੇ ਲੀਡਰ ਲੁਕਣ ਦੇ ਅੱਡੇ ਭਾਲਦੇ ਨਜ਼ਰ ਆਏ ਸਨ। ਗੱਦੀ ਛੱਡ ਕੇ ਭੱਜਣ ਵਾਲਾ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਦੋਵੇਂ ਇੱਕੋ ਮਾਂ ਦੇ ਜਾਏ ਪੁੱਤਰ ਸਕੇ ਭਰਾ ਸਨ ਅਤੇ ਦੋਵਾਂ ਨੂੰ ਲੋਕ ਆਪਣੇ ਦੇਸ਼ ਦੀ ਆਰਥਿਕਤਾ ਨੂੰ ਲੱਗੀ ਸਿਉਂਕ ਸਮਝ ਕੇ ਇੱਕਦਮ ਘੇਰਨ ਨਿਕਲ ਪਏ ਸਨ। ਇਹ ਉਹੋ ਦੋਵੇਂ ਭਰਾ ਸਨ, ਜਿਨ੍ਹਾਂ ਨੂੰ ਪਿਛਲੇ ਪੰਦਰਾਂ-ਵੀਹ ਸਾਲਾਂ ਵਿੱਚ ਸੱਤਾ ਦੇ ਸਿਖਰ ਵੱਲ ਵਧਣ ਵੇਲੇ ਲੋਕਾਂ ਦੀ ਵੱਡੀ ਬੇਮਿਸਾਲ ਹਮਾਇਤ ਮਿਲਦੀ ਰਹੀ ਸੀ ਅਤੇ ਉਹ ਭੁੱਲ ਗਏ ਸਨ ਕਿ ਜਿਹੜੇ ਲੋਕ ਉਨ੍ਹਾਂ ਦੇ ਪਿੱਛੇ ਆ ਰਹੇ ਹਨ, ਕਿਸੇ ਦਿਨ ਇਹੋ ਲੋਕ ਉਨ੍ਹਾਂ ਦਾ ਪਿੱਛਾ ਕਰਨ ਵੀ ਤੁਰ ਸਕਦੇ ਹਨ। ਇੱਕੋ ਪਰਵਾਰ ਵਿੱਚੋਂ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਤੋਂ ਇਲਾਵਾ ਗਿਆਰਾਂ ਜਣੇ ਹੋਰ ਵੱਡੀਆਂ ਕੁਰਸੀਆਂ ਉੱਤੇ ਬੈਠ ਕੇ ਹਕੂਮਤ ਕਰਨ ਲੱਗੇ ਤਾਂ ਕੋਈ ਉਨ੍ਹਾਂ ਵੱਲ ਸਿਰ ਚੁੱਕ ਕੇ ਵੇਖਣ ਵਾਲਾ ਨਾ ਹੋਣ ਕਾਰਨ ਸਿਰੇ ਦਾ ਭ੍ਰਿਸ਼ਟਾਚਾਰ ਕਰਦਿਆਂ ਮੁਲਕ ਦੀ ਆਰਥਿਕਤਾ ਤੇ ਸੰਵਿਧਾਨ ਦੇ ਜੜ੍ਹੀਂ ਤੇਲ ਦੇਣ ਲੱਗ ਗਏ ਸਨ। ਅੱਜ ਉਹ ਆਪਣੀ ਜਾਨ ਦੀ ਸਲਾਮਤੀ ਦੇ ਹੀਲੇ ਕਰਦੇ ਫਿਰਦੇ ਹਨ।




ਕੀ ਹੋ ਰਿਹਾ ਹੈ?ਖਾਨਦਾਨੀ ਰਾਜਨੀਤੀ ਦੀ ਪ੍ਰਤੀਕ ਬੀਬੀ ਬੇਨਜ਼ੀਰ ਭੁੱਟੋ ਜਦੋਂ ਪ੍ਰਧਾਨ ਮੰਤਰੀ ਬਣੀ ਤਾਂ ਬਿਨਾ ਕਿਸੇ ਸਰਕਾਰੀ ਅਹੁਦੇ ਤੋਂ ਉਸ ਦਾ ਪਤੀ ਆਸਿਫ ਅਲੀ ਜ਼ਰਦਾਰੀ ਹਰ ਫਾਈਲ ਨੂੰ ਖੁਦ ਵੇਖਣ ਲੱਗਾਅਤੇ ਕਮਿਸ਼ਨ ਖਰਾ ਕਰਨ ਲੱਗ ਪਿਆ ਸੀ। ਉਸ ਦੀ ਹਿੱਸਾ-ਪੱਤੀ ਦੇ ਰੇਟ ਮੁਤਾਬਕ ਉਸ ਦਾ ਨਾਂਅ ਲੋਕਾਂ ਨੇ 'ਮਿਸਟਰ ਟੈੱਨ ਪਰਸੈਂਟ' ਰੱਖ ਦਿੱਤਾ ਸੀ ਤੇ ਵਿਰੋਧੀ ਧਿਰ ਦੇ ਆਗੂ ਨਵਾਜ਼ ਸ਼ਰੀਫ ਹੁਰੀਂ ਉਸ ਨੂੰ ਭੰਡਦੇ ਹੁੰਦੇ ਸਨ, ਪਰ ਖੁਦ ਨਵਾਜ਼ ਸ਼ਰੀਫ ਪ੍ਰਧਾਨ ਮੰਤਰੀ ਬਣਿਆ ਤਾਂ ਇਹ ਖੇਡ ਰੁਕਣ ਦੀ ਥਾਂ ਹੋਰ ਅੱਗੇ ਵਧ ਗਈ। ਆਪਣੇ ਭਰਾ ਨੂੰ ਉਸ ਨੇ ਪੰਜਾਬ ਦਾ ਮੁੱਖ ਮੰਤਰੀ ਬਣਾ ਦਿੱਤਾ ਤੇ ਆਪਣੀ ਧੀ ਦੇ ਕਹਿਣ ਉੱਤੇ ਕਈ ਇਹੋ ਜਿਹੇ ਲੋਕ ਅੱਗੇ ਲਿਆਂਦੇ ਸਨ, ਜਿਨ੍ਹਾਂ ਦੇ ਭ੍ਰਿਸ਼ਟਾਚਾਰ ਦੇ ਵੱਡੇ ਕਿੱਸਿਆਂ ਨੇ ਖੁਦ ਨਵਾਜ਼ ਸ਼ਰੀਫ, ਉਸ ਦੇ ਮੁੱਖ ਮੰਤਰੀ ਬਣੇ ਭਰਾ ਸ਼ਾਹਬਾਜ਼ ਸ਼ਰੀਫ, ਧੀ ਤੇ ਜਵਾਈ ਤੱਕ ਨੂੰ ਜੇਲ੍ਹ ਦੀ ਸੈਰ ਕਰਵਾ ਦਿੱਤੀ ਸੀ। ਉਨ੍ਹਾਂ ਦੀ ਥਾਂ ਆਏ ਇਮਰਾਨ ਖਾਨ ਨੇ ਵੀ ਪਿਛਲਿਆਂ ਦੇ ਹਸ਼ਰ ਤੋਂ ਸਬਕ ਨਹੀਂ ਸੀ ਸਿੱਖਿਆ ਅਤੇ ਆਪਣੇ ਪਰਵਾਰ, ਖਾਸ ਕੇ ਆਪਣੀ ਮੌਜੂਦਾ ਚੌਥੀ ਬੀਵੀ ਬੁਸ਼ਰਾ ਵੱਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਦੀ ਸੜ੍ਹਿਆਂਦ ਕਾਰਨ ਗੱਦੀ ਛੱਡਣ ਨੂੰ ਮਜਬੂਰ ਹੋ ਗਿਆ। ਜਿਵੇਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਸ੍ਰੀਲੰਕਾ ਵਿੱਚ ਭੰਡਾਰਨਾਇਕੇ ਪਰਵਾਰ ਖੂੰਜੇ ਧੱਕਿਆ ਗਿਆ ਤੇ ਉਸ ਦੀ ਥਾਂ ਆਏ ਰਾਜਪਕਸ਼ੇ ਪਰਵਾਰ ਦੇ ਦੋ ਭਰਾਵਾਂ ਨੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਬਣ ਕੇ ਮੁਲਕ ਡੋਬਿਆ ਸੀ, ਓਸੇ ਤਰ੍ਹਾਂ ਇਮਰਾਨ ਖਾਨ ਨੂੰ ਹਟਾ ਦੇਣ ਪਿੱਛੋਂ ਫਿਰ ਭ੍ਰਿਸ਼ਟਾਚਾਰ ਦਾ ਦਾਗੀ ਸ਼ਰੀਫ ਪਰਵਾਰ ਦੇਸ਼ ਦੀ ਵਾਗ ਸੰਭਾਲ ਬੈਠਾ ਹੈ। ਪਰਵਾਰ ਦਾ ਮੁਖੀ ਖੁਦ ਅਦਾਲਤੀ ਫੈਸਲੇ ਨਾਲ ਹੋਈ ਭ੍ਰਿਸ਼ਟਾਚਾਰ ਦੀ ਸਜ਼ਾ ਭੁਗਤਣ ਲਈ ਜੇਲ੍ਹ ਵਿੱਚ ਭੇਜੇ ਜਾਣ ਤੋਂ ਬਚਣ ਲਈ ਬ੍ਰਿਟੇਨ ਤੋਂ ਆਪਣੇ ਦੇਸ਼ ਮੁੜਨ ਨੂੰ ਤਿਆਰ ਨਹੀਂ ਹੋ ਰਿਹਾ, ਪ੍ਰਧਾਨ ਮੰਤਰੀ ਬਣਿਆਦੂਸਰਾ ਭਰਾ ਸ਼ਾਹਬਾਜ਼ ਸ਼ਰੀਫ ਤੇ ਉਸ ਦਾ ਪੁੱਤਰ ਮਨੀ ਲਾਂਡਰਿੰਗ ਸਣੇ ਭ੍ਰਿਸ਼ਟਾਚਾਰ ਦੇ ਕਈ ਕੇਸਾਂ ਵਾਸਤੇ ਅਦਾਲਤੀ ਪੇਸ਼ੀਆਂ ਭੁਗਤਦੇ ਫਿਰਦੇ ਹਨ। ਬੀਤੇ ਹਫਤੇ ਫਿਰ ਹੋਈ ਇੱਕ ਪੇਸ਼ੀ ਮੌਕੇ ਅਦਾਲਤ ਨੂੰ ਦੱਸਿਆ ਗਿਆ ਕਿ ਦੇਸ਼ ਦੇ ਮੌਜੂਦਾ ਮੁਖੀ ਸ਼ਾਹਬਾਜ਼ ਸ਼ਰੀਫ ਦਾ ਪੁੱਤਰ ਆਪਣਾ ਦੇਸ਼ ਛੱਡ ਕੇ ਦੌੜ ਗਿਆ ਹੈ ਤਾਂ ਅਦਾਲਤ ਨੇ ਪ੍ਰਧਾਨ ਮੰਤਰੀ ਦੇ ਪੁੱਤਰ ਨੂੰ ਭਗੌੜਾ ਕਰਾਰ ਦੇ ਦਿੱਤਾ ਹੈ। ਜਦੋਂ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਖੁਦ ਪੇਸ਼ੀ ਤੋਂ ਛੋਟ ਮੰਗੀ ਹੈ ਤਾਂ ਅਦਾਲਤ ਨੇ ਕਿਹਾ ਕਿ ਇਸ ਵਾਰ ਇਹ ਛੋਟ ਦਿੱਤੀ ਜਾ ਸਕਦੀ ਹੈ, ਅਗਲੀ ਵਾਰੀ ਆਉਣਾ ਪਵੇਗਾ, ਨਾ ਆਇਆ ਤਾਂ ਉਸ ਦੇ ਖਿਲਾਫ ਵੀ ਕਾਰਵਾਈ ਕੀਤੀ ਜਾ ਸਕਦੀ ਹੈ। ਜਿਸ ਦੇਸ਼ ਦੇ ਸਿਆਸੀ ਮੁਖੀ ਨੂੰ ਅਦਾਲਤ ਵਿੱਚ ਜਾਣ ਤੋਂ ਡਰ ਲੱਗਦਾ ਪਿਆ ਹੈ, ਉਹ ਦੇਸ਼ ਭਲਾ ਕਿੰਨਾ ਕੁ ਚਿਰ ਚਲਾ ਸਕੇਗਾ! ਸਭ ਨੂੰ ਪਤਾ ਹੈ ਕਿ ਕਰਜ਼ਾ ਵਧਦਾ ਜਾਣ ਕਰ ਕੇ ਕੁਝ ਮਹੀਨੇ ਪਹਿਲਾਂ ਜਦੋਂ ਸ੍ਰੀਲੰਕਾ ਕੋਲ ਸੰਸਾਰ ਬਾਜ਼ਾਰ ਤੋਂ ਤੇਲ ਖਰੀਦਣ ਲਈ ਪੈਸੇ ਮੁੱਕ ਗਏ ਤਾਂ ਭਾਰਤ ਨੇ ਕੁਝ ਤੇਲ ਅਤੇ ਕੁਝ ਖਾਣ ਜੋਗਾ ਅਨਾਜ ਭੇਜਣ ਦੇ ਨਾਲ ਕੁਝ ਨਕਦੀ ਵੱਲੋਂ ਵੀ ਮਦਦ ਕੀਤੀ ਸੀ, ਪਰ ਬਾਹਰੀ ਮਦਦ ਕਿਸੇ ਦੇਸ਼ ਨੂੰ ਬਹੁਤਾ ਚਿਰ ਖੜਾ ਨਹੀਂ ਰੱਖ ਸਕਦੀ। ਪਾਕਿਸਤਾਨ ਦੇ ਹਾਕਮਾਂ ਨੇ ਪਿਛਲੇ ਪੰਝੱਤਰ ਸਾਲਾਂ ਵਿੱਚ ਇਹੋ ਕੁਝ ਕੀਤਾ ਹੈ ਕਿ ਆਪਣੀ ਆਰਥਿਕਤਾ ਪੈਰਾਂ ਸਿਰ ਕਰਨ ਦੀ ਥਾਂ ਸੰਸਾਰ ਭਰ ਦੇ ਦਾਨ-ਦਾਤਿਆਂ ਕੋਲੋਂ ਮੰਗ ਕੇ ਬੁੱਤਾ ਸਾਰਨ ਦੇ ਨਾਂਅ ਉੱਤੇ ਆਪਣੀਆਂ ਤਿਜੌਰੀਆਂ ਭਰਦੇ ਰਹੇ ਸਨ ਤੇ ਅੰਤ ਉਹ ਆਪਣੇ ਦੇਸ਼ ਨੂੰ ਉਸ ਹਾਲਤ ਵਿੱਚ ਲੈ ਗਏ ਹਨ ਕਿ ਕੋਈ ਕਾਣੀ ਕੌਡੀ ਦੇਣ ਨੂੰ ਤਿਆਰ ਨਹੀਂ। ਪਾਕਿਸਤਾਨੀ ਹਾਕਮਾਂ ਨੂੰ ਇਹ ਗਰੂਰ ਤਾਂ ਸੀ ਕਿ ਉਹ ਐਟਮ ਬੰਬ ਬਣਾ ਕੇ ਭਾਰਤ ਦੇ ਬਰਾਬਰ ਦੀ ਐਟਮੀ ਤਾਕਤ ਹੋਣ ਦਾ ਦਾਅਵਾ ਕਰਨ ਜੋਗੇ ਹੋ ਸਕਦੇ ਹਨ, ਪਰ ਆਪਣੇ ਦੇਸ਼ ਦੇ ਥਰਮਲ ਪਲਾਂਟ ਚਲਾਉਣ ਲਈ ਕੋਲਾ ਉਨ੍ਹਾਂ ਨੂੰ ਗਰੀਬੀ ਦੇ ਭੰਨੇ ਹੋਏ ਗਵਾਂਢੀ ਦੇਸ਼ ਅਫਗਾਨਿਸਤਾਨ ਤੋਂ ਉਧਾਰ ਲੈਣਾ ਪਿਆ ਹੈ, ਕਿਉਂਕਿ ਬਾਕੀ ਦੇਸ਼ਾਂ ਦੇ ਪਿਛਲੇ ਪੈਸੇ ਨਹੀਂ ਦਿੱਤੇ ਗਏ। ਸ੍ਰੀਲੰਕਾ ਵਿੱਚ ਜਦੋਂ ਆਮ ਲੋਕਾਂ ਨੂੰ ਚੁੱਲ੍ਹਾ ਬਾਲਣ ਲਈ ਗੈਸ ਤੇ ਸਕੂਟਰ-ਕਾਰ ਚਲਾਉਣ ਲਈ ਤੇਲ ਨਾ ਮਿਲਿਆ, ਦੁਨੀਆ ਭਰ ਵਿੱਚੋਂ ਆਉਣ ਵਾਲੀਆਂ ਚੀਜ਼ਾਂ ਲਈ ਸਰਕਾਰ ਵਿਦੇਸ਼ ਕਰੰਸੀ ਤੋਂ ਖਾਲੀ ਹੋ ਗਈ ਤਾਂ ਲੋਕਾਂ ਨੇ ਹਾਕਮਾਂ ਦੇ ਮਹਿਲ ਘੇਰਨ ਵੱਲ ਮੂੰਹ ਕਰ ਲਿਆ ਸੀ। ਨਤੀਜਾ ਸਭ ਦੇ ਸਾਹਮਣੇ ਹੈ ਤੇ ਸੰਸਾਰ ਭਰ ਵਿੱਚ ਚਰਚੇ ਹੋ ਰਹੇ ਹਨ ਕਿ ਜਿਹੜੀ ਹਾਲਤ ਪਿਛਲੇ ਹਫਤੇ ਸ੍ਰੀਲੰਕਾ ਵਿੱਚ ਵੇਖਣ ਨੂੰ ਮਿਲੀ ਹੈ, ਉਹ ਕਿਸੇ ਵਕਤ ਪਾਕਿ-ਸਤਾਨ ਵਿੱਚ ਨਜ਼ਰ ਆ ਸਕਦੀ ਹੈ। ਉਸ ਦੇ ਹਾਕਮ ਅਜੇ ਵੀ ਆਪਣੇ ਦੇਸ਼ ਦੇ ਲੋਕਾਂ ਬਾਰੇ ਸੋਚਣ ਦੀ ਥਾਂ ਕੋੜਮੇ ਦੀਆਂ ਕੋਠੀਆਂ ਭਰਨ ਦੇ ਕੰਮ ਲੱਗੇ ਹੋਏ ਹਨ।

# ਬੱਚੇ ਹੁਣ ਬੱਚੇ ਨਹੀਂ ਰਹੇ



-ਵਿਜੈ ਗਰਗ-

(ਮੋਬਾਈਲ ਅਤੇ ਕੰਪਿਊਟਰ ਦੀ ਸਕਰੀਨ ਬਹੁਤ ਬਦਲ ਗਈ ਹੈ )

ਬੱਚਿਆਂ ਦੀਆਂ ਗਰਮੀਆਂ ਦੀਆਂ ਛੁੱਟੀਆਂ ਖਤਮ ਹੋ ਗਈਆਂ ਹਨ। ਅੱਜਕੱਲ੍ਹ ਉਹ ਸਕੂਲ ਵਾਪਸ ਆ ਗਏ ਹਨ, ਹਾਲਾਂਕਿ ਜ਼ਿਆਦਾਤਰ ਛੁੱਟੀਆਂ ਦੇ ਆਖ਼ਰੀ ਦਿਨ ਸਕੂਲ ਬਾਰੇ ਸੋਚ ਕੇ ਥੋੜੇ ਤਣਾਅ ਵਿੱਚ ਹਨ। ਕੁਝ ਹੀ ਦਿਨਾਂ ਵਿਚ ਉਸ ਦੀ ਜ਼ਿੰਦਗੀ ਫਿਰ ਸਿਸਟਮ ਦੇ ਘੇਰੇ ਵਿਚ ਕੈਦ ਹੋ ਜਾਣੀ ਹੈ, ਜਿਸ ਦਾ ਆਤੰਕ ਉਸ ਦੇ ਮਾਸੂਮ ਮਨ ਵਿਚ ਬਣਿਆ ਰਹਿੰਦਾ ਹੈ। ਦੁਬਾਰਾ ਉਹੀ ਹੋਮਵਰਕ, ਉਹੀ ਹਫਤਾਵਾਰੀ ਪ੍ਰੀਖਿਆਵਾਂ, ਉਹੀ ਕਾਹਲੀ। ਸਕੂਲ ਉਨ੍ਹਾਂ ਵਿੱਚ ਡਰ ਪੈਦਾ ਕਰਨ ਲੱਗਾ ਹੈ। ਬੱਚੇ ਮੁੜ ਉਹੀ ਬਹਾਨੇ ਬਣਾਉਣ ਲੱਗ ਜਾਣਗੇ, ਕਦੇ ਸਿਰਦਰਦ, ਕਈ ਵਾਰ ਪੇਟ ਵਿੱਚ ਦਰਦ। ਅਸਲ ਵਿੱਚ ਸਾਡਾ ਸਕੂਲ ਸਿਸਟਮ ਹੀ ਅਜਿਹਾ ਹੋ ਗਿਆ ਹੈ ਕਿ ਉੱਥੇ ਬੱਚੇ ਖੁਸ਼ੀ ਅਤੇ ਉਤਸ਼ਾਹ ਨਾਲ ਘੱਟ ਹੀ ਪੜ੍ਹਦੇ ਹਨ। ਸਾਡੀ ਸਿੱਖਿਆ ਪ੍ਰਣਾਲੀ ਦੀਆਂ ਕਮੀਆਂ ਅਤੇ ਢਿੱਲ-ਮੱਠ, ਖਾਸ ਕਰਕੇ ਬੱਚਿਆਂ ਅਤੇ ਬਚਪਨ ਲਈ ਸਵਾਲ ਉਠਾਏ ਗਏ ਹਨ। ਪਰ ਇਸ ਨੂੰ ਸੁਧਾਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਸਾਬਤ ਹੋਈਆਂ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਬੱਚੇ ਜੋ ਪੜ੍ਹਦੇ ਹਨ ਉਸ ਦੇ ਅਰਥ ਨਹੀਂ ਜਾਣਦੇ ਅਤੇ ਨਾ ਹੀ ਉਨ੍ਹਾਂ ਨੂੰ ਦੱਸਿਆ ਜਾਂਦਾ ਹੈ। ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਚੀਜ਼ਾਂ ਇਹ ਨਹੀਂ ਹੋ ਸਕਦਾ। ਅੱਜ ਵੀ ਬਹੁਤ ਸਾਰੇ ਬੱਚਿਆਂ ਨੂੰ ਇਸ ਸਵਾਲ ਦਾ ਕੋਈ ਤਸੱਲੀਬਖਸ਼ ਜਵਾਬ ਨਹੀਂ ਦਿੱਤਾ ਜਾਂਦਾ ਕਿ ਪੜ੍ਹਨਾ ਕਿਉਂ ਜ਼ਰੂਰੀ ਹੈ। ਉਨ੍ਹਾਂ ਨੂੰ ਸਮਝਾਇਆ ਜਾਂਦਾ ਹੈ ਕਿ ਪੜ੍ਹ ਲਿਖੋ ਨਹੀਂ ਤਾਂ ਚੰਗੀ ਨੌਕਰੀ ਨਹੀਂ ਮਿਲੇਗੀ, ਚੰਗੀ ਨੌਕਰੀ ਨਹੀਂ ਮਿਲੇਗੀ ਤਾਂ ਜ਼ਿੰਦਗੀ ਸੁਖੀ ਨਹੀਂ ਰਹੇਗੀ। ਇਸ ਤਰ੍ਹਾਂ ਉਹ ਪੜ੍ਹਨ ਨੂੰ ਇੱਕ ਕੰਮ (ਜੋ ਉਨ੍ਹਾਂ ਨਾਲ ਸਜ਼ਾ ਵਜੋਂ ਕੀਤਾ ਜਾ ਰਿਹਾ ਹੈ) ਨੂੰ ਖਤਮ ਕਰਕੇ ਆਰਾਮ ਮਹਿਸੂਸ ਕਰਦੇ ਹਨ। ਮਜ਼ੇਦਾਰ ਗੱਲ ਇਹ ਹੈ ਕਿ ਅੱਜ-ਕੱਲ੍ਹ ਬੱਚਿਆਂ ਨੂੰ ਖਾਣਾ ਖਾਣ ਦੀ ਲੋੜ ਦਾ ਕਾਰਨ ਸਮਝਾਉਣਾ ਪੈਂਦਾ ਹੈ, ਨਹੀਂ ਤਾਂ ਉਨ੍ਹਾਂ ਨੂੰ ਖਾਣੇ ਵਿਚ ਦਿਲਚਸਪੀ ਵੀ ਨਹੀਂ ਹੁੰਦੀ। ਇਹ ਚੰਗੀ ਗੱਲ ਹੈ ਤਰਕ ਵਧ ਰਿਹਾ ਹੈ, ਪਰ ਇਹ ਸਮਝ ਵਿੱਚ ਕਮੀ ਨੂੰ ਵੀ ਦਰਸਾਉਂਦਾ ਹੈ। ਦੂਜੇ ਪਾਸੇ ਅਸੀਂ ਦੇਖਦੇ ਹਾਂ ਕਿ ਬੱਚੇ ਟੀਵੀ ਦੇ ਪਿੱਛੇ ਪਏ ਹੋਏ ਹਨ। ਸੀਨ ਦੀ ਡਿਮਾਂਡ ਇੰਨੀ ਵਧ ਗਈ ਹੈ ਕਿ ਟੀਵੀ ਹੀ ਨਹੀਂ ਸਗੋਂ ਮੋਬਾਈਲ 'ਚ ਵੀ ਵੀਡੀਓ ਦਿਖਾਉਂਦੇ ਹਨ, ਘੰਟਿਆਂਬੱਧੀ ਲਗਾਤਾਰ ਦੇਖਣ ਤੋਂ ਬਾਅਦ ਵੀ ਉਨ੍ਹਾਂ ਦੇ ਦਿਮਾਗ 'ਚ ਇਹ ਸਵਾਲ ਨਹੀਂ ਆਉਂਦਾ ਕਿ ਇਹ ਦੇਖਣ ਦੀ ਕੀ ਲੋੜ ਹੈ? ਕਿਉਂਕਿ ਗਤੀ ਦਾ ਆਪਣਾ ਹੀ ਆਨੰਦ ਹੈ। ਬਚਪਨ ਨੂੰ ਜਿਸ ਰਫ਼ਤਾਰ ਦੀ ਲੋੜ ਹੁੰਦੀ ਹੈ, ਜਿਸ ਤਰ੍ਹਾਂ ਦੀ ਉਤਸੁਕਤਾ, ਜਿਸ ਤਰ੍ਹਾਂ ਦਾ ਡਰ, ਜਿਸ ਤਰ੍ਹਾਂ ਦੀਆਂ ਕਲਪਨਾਵਾਂ, ਕਹਾਣੀਆਂ ਦੀ ਲੋੜ ਹੁੰਦੀ ਹੈ, ਤਕਨਾਲੋਜੀ ਉਨ੍ਹਾਂ ਨੂੰ ਉਹ ਸਭ ਕੁਝ ਪ੍ਰਦਾਨ ਕਰ ਰਹੀ ਹੈ। ਖੇਡ ਦਾ ਮੈਦਾਨ ਅਤੇ ਪਰੀ ਕਹਾਣੀ ਆਂਨਾ ਹੀ ਹੁਣ ਤੱਕ ਆਈ ਹੈ ਅਤੇ ਪਰਦੇ ਨੇ ਆਪਣਾ ਕੰਮ ਬਾਖ਼ੂਬੀ ਕੀਤਾ ਹੈ। ਇਸ ਦੇ ਨਤੀਜੇ ਕੀ ਹੋਣਗੇ, ਇਹ ਵੱਖਰੀ ਬਹਿਸ ਦਾ ਵਿਸ਼ਾ ਹੈ। ਪੰਦਰਾਂ ਸਾਲ ਤੱਕ ਦੇ ਬੱਚੇ ਵੀ ਆਮ ਤੌਰ 'ਤੇ ਆਪਣੇ ਸਿਲੇਬਸ ਤੋਂ ਬਾਹਰ ਕਿਸੇ ਕਿਸਮ ਦੀ ਕਿਤਾਬ ਪੜ੍ਹਨ ਵਿਚ ਦਿਲਚਸਪੀ ਨਹੀਂ ਰੱਖਦੇ। ਆਡੀਓ ਦਾ ਦੌਰ ਖਤਮ ਹੋ ਗਿਆ ਹੈ। ਬੱਚੇ ਹੁਣ ਕਹਾਣੀਆਂ ਦੇਖਣ ਵਿਚ ਦਿਲਚਸਪੀ ਨਹੀਂ ਲੈਂਦੇ, ਪੜ੍ਹਨ ਵਿਚ ਨਹੀਂ। ਉਹ ਆਪਣੇ ਆਪ ਨੂੰ ਕਲਪਨਾ ਕਰਨ ਦੀ ਖੇਚਲ ਨਹੀਂ ਕਰਨਾ ਚਾਹੁੰਦੇ, ਉਹ ਵਹਾਅ ਦੇ ਨਾਲ ਜਾਣਾ ਚਾਹੁੰਦੇ ਹਨ। ਕਹਾਣੀਆਂ ਸੁਣਨ ਲਈ ਜਿੰਨਾ ਸਬਰ ਕਰਨਾ ਪੈਂਦਾ ਹੈ, ਅੱਗੇ ਕੀ ਹੋਵੇਗਾ ਇਸ ਦੀ ਉਤਸੁਕਤਾ, ਜੋ ਕਹਾਣੀ ਨੂੰ ਕਹਾਣੀ ਬਣਾਉਂਦੀ ਹੈ, ਸ਼ਾਇਦ ਹਰ ਥਾਂ ਹੈ।ਦੁਰਲੱਭ ਹੋ ਰਿਹਾ ਹੈ. ਮੋਬਾਈਲ ਅਤੇ ਕੰਪਿਊਟਰ ਦੀਆਂ ਸਕਰੀਨਾਂ ਬਹੁਤ ਬਦਲ ਗਈਆਂ ਹਨ। ਇੰਨਾ ਤਾਂ ਜੋ ਅਸਲ ਵਿੱਚ ਉਹੀ ਗੱਲ ਵਾਪਰਦੀ ਹੈ, ਉਸ ਦਾ ਬਹੁਤ ਘੱਟ ਜਾਂ ਕੋਈ ਅਸਰ ਨਹੀਂ ਹੁੰਦਾ, ਪਰ ਜਦੋਂ ਉਹੀ ਗੱਲ ਇਸ਼ਤਿਹਾਰਾਂ ਜਾਂ ਵੀਡੀਓਜ਼ ਰਾਹੀਂ ਬੱਚਿਆਂ ਤੱਕ ਪਹੁੰਚ ਜਾਂਦੀ ਹੈ ਤਾਂ ਨਿੱਕੇ-ਨਿੱਕੇ ਬੱਚੇ ਵੀ ਦੋਸਤਾਂ-ਮਿੱਤਰਾਂ ਵਿੱਚ ਚੀਕ-ਚਿਹਾੜਾ ਲੈਂਦੇ ਨਜ਼ਰ ਆਉਂਦੇ ਹਨ। ਵਿਅਕਤੀ ਤੋਂ ਵਸਤੂ ਵਿਚ ਭਾਵਨਾਵਾਂ ਦਾ ਤਬਾਦਲਾ ਹੁਣ ਆਸਾਨੀ ਨਾਲ ਸਵੀਕਾਰ ਕੀਤਾ ਜਾਂਦਾ ਹੈ, ਪਰ ਬੱਚਿਆਂ ਨੂੰ ਰੱਬ ਦਾ ਰੂਪ ਸਮਝ ਕੇ ਸ਼ੁੱਧ ਸੁਭਾਅ ਮੰਨਿਆ ਜਾਂਦਾ ਹੈ। ਤਾਂ ਫਿਰ ਇੰਨੀ ਤੇਜ਼ ਤਬਦੀਲੀ ਕਿਉਂ?ਇਹ ਭਵਿੱਖ ਦਾ ਸਵਾਲ ਹੈ। ਸਵਾਲ ਇਹ ਹੈ ਕਿ ਜਿਸ ਤਕਨੀਕ ਨੇ ਬੱਚਿਆਂ ਨੂੰ ਆਪਣਾ ਬਣਾ ਲਿਆ ਹੈ, ਕੀ ਉਸ ਨੂੰ ਜੀਵਨ ਦੇ ਹੋਰ ਖੇਤਰਾਂ ਜਿਵੇਂ ਕਿ ਸਿੱਖਿਆ, ਵਿਹਾਰ ਆਦਿ ਵਿੱਚ ਲਾਗੂ ਕਰਕੇ ਕੋਈ ਸਾਰਥਕ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ? ਜਿਸ ਹੱਦ ਤੱਕ ਅਤੇ ਜਿੰਨੀ ਤੇਜ਼ੀ ਨਾਲ ਤਕਨੀਕੀ ਕਾਲਪਨਿਕ ਪੇਸ਼ਕਾਰੀ ਹਰ ਉਮਰ ਵਰਗ ਨੂੰ ਆਕਰਸ਼ਤ ਕਰਨ ਦੇ ਯੋਗ ਹੋਈ ਹੈ, ਕੀ ਇਸ ਵਿੱਚ ਜੜ੍ਹਾਂ ਵਾਲੇ ਸਿੱਖਿਆ ਪ੍ਰਣਾਲੀ ਨੂੰ ਗਤੀਸ਼ੀਲ ਬਣਾਉਣ ਅਤੇ ਇਸ ਨੂੰ ਬਚਪਨ ਨਾਲ ਇੱਕ ਗੈਰ-ਦਖਲਅੰਦਾਜ਼ੀ ਅਤੇ ਸਵੈ-ਸਹਿਤ ਰਿਸ਼ਤਾ ਬਣਾਉਣ ਦੀ ਕੋਈ ਸੰਭਾਵਨਾ ਹੈ? ਇਹ ਨਾ ਸਿਰਫ ਸੋਚਿਆ ਜਾਣਾ ਚਾਹੀਦਾ ਹੈ, ਪਰ ਇਹ ਵੀ ਲੋੜ ਹੈ. ਅਤੇ ਇਹ ਯਤਨ ਸਿਰਫ਼ ਸਰਕਾਰੀ ਜਾਂ ਪ੍ਰਸ਼ਾਸਨਿਕ ਹੀ ਨਹੀਂ, ਸਗੋਂ ਨਿੱਜੀ ਵੀ ਹੋਣਾ ਚਾਹੀਦਾ ਹੈ, ਤਾਂ ਜੋ ਹਰ ਕੋਈ ਆਪਣੇ ਬੱਚੇ ਦੀ ਨਿੱਜੀ ਪਸੰਦ ਅਤੇ ਲੋੜਾਂ ਦਾ ਧਿਆਨ ਰੱਖੇ। ਜੇਕਰ ਇਹ ਸੰਭਵ ਹੋ ਗਿਆ ਤਾਂ ਸਿੱਖਿਆ ਜੀਵਨ ਦਾ ਆਸਾਨ ਹਿੱਸਾ ਬਣ ਸਕੇਗੀ, ਉੱਪਰੋਂ ਥੋਪਿਆ ਹੋਇਆ ਕੁਝ ਨਹੀਂ। ਘੱਟ ਮਿਹਨਤ ਅਤੇ ਘੱਟ ਤਣਾਅ ਨਾਲ, ਅਸੀਂ ਅਗਲੀ ਪੀੜ੍ਹੀ ਨਾਲ ਇੱਕ ਸਿੱਧਾ ਅਤੇ ਮਜ਼ਬੂਤ ਪੁਲ ਵੀ ਬਣਾਉਣ ਦੇ ਯੋਗ ਹੋਵਾਂਗੇ।

## -ਹਲਕਾ-ਫੁਲਕਾ-

ਦੋਸਤ (ਪੱਪੂ ਨੂੰ),''ਯਾਰ! ਮੈਂ ਆਪਣੀ ਵਾਈਫ਼ ਨੂੰ 12ਵੀਂ ਕਰਵਾਈ, ਫਿਰ ਬੀ ਏ, ਫਿਰ ਐਮ ਏ ਅਤੇ ਫਿਰ ਸਰਕਾਰੀ ਜੌਬ ਲਗਵਾ ਦਿੱਤੀ, ਅੱਗੋਂ ਹੋਰ ਕੀ ਕਰਾਂ?''

ਪੱਪੂ,''ਚੰਗਾ ਜਿਹਾ ਲੜਕਾ ਦੇਖ ਕੇ ਉਸਦਾ ਵਿਆਹ ਵੀ ਕਰਵਾ ਦੇ।''

********

ਪਾਪਾ (ਗੁੱਸੇ ਵਿੱਚ ਬੇਟੇ ਨੂੰ),''ਨਾਲਾਇਕਾ, ਤੂੰ ਆਪਣੀ ਮਾਂ ਨਾਲ ਉਚੀ ਆਵਾਜ਼ ਵਿੱਚ ਗੱਲ ਕਿਉਂ ਕੀਤੀ?''

ਬੇਟਾ,''ਪਾਪਾ! ਤੁਸੀਂ ਆਪ ਹੀ ਤਾਂ ਕਿਹਾ ਸੀ ਕਿ ਬੇਟਾ ਉਹ ਕੰਮ ਕਰਕੇ ਦਿਖਾਈਂ, ਜੋ ਮੈਂ ਨਹੀਂ ਕਰ ਸਕਿਆ।''

********

ਮਾਲਕਣ ਰੋ ਰਹੀ ਸੀ ਤਾਂ ਨੌਕਰਾਣੀ ਨੇ ਪੁੱਛਿਆ, ਕੀ ਹੋਇਆ ਮਾਲਕਣ?

ਮਾਲਕਣ: ਮੈਨੂੰ ਸ਼ੱਕ ਹੈ ਕਿ ਤੇਰੇ ਮਾਲਿਕ ਦਾ ਦਫ਼ਤਰ ਵਿੱਚ ਕਿਸੇ ਹੋਰ ਕੁੜੀ ਨਾਲ ਚੱਕਰ ਚੱਲ ਰਿਹਾ ਹੈ।

ਨੌਕਰਾਣੀ: ਨਹੀਂ ਮਾਲਕਣ, ਅਜਿਹਾ ਨਾ ਸੋਚੋ, ਮਾਲਿਕ ਮੈਨੂੰ ਧੋਖਾ ਨਹੀਂ ਦੇ ਸਕਦੇ।

# ਰੌਣਕ ਵਿੱਚ ਹੋ ਕੇ ਵੀ ਇਕੱਲਾ, ਬਾਪ ਗਿਆਨ ਸਿੰਘ ਦਾ 'ਪੁੱਤ' ਪਿੱਪਲ

-ਅਰਸ਼ ਸਿੱਧੂ-
ਅਲਫੂ ਕੇ, ਫਿਰੋਜ਼ਪੁਰ

ਸੁਖਨਾ ਝੀਲ ਤੇ ਜਾਣ ਵਾਲੇ ਇਸ ਪਿੱਪਲ ਨੂੰ ਚੰਗੀ ਤਰਾਂ ਜਾਣਦੇ ਹੋਣਗੇ। ਹੋ ਸਕਦਾ ਹੈ ਕਿ ਇਸਦੀ ਛਾਂ ਵੀ ਮਾਣੀ ਹੋਵੇ ਪਰ ਇਹ ਪਿੱਪਲ ਆਪਣੇ ਆਪ ਵਿੱਚ ਇੱਕ ਕਹਾਣੀ ਹੈ। ਮੈਂਨੂੰ ਬਹੁਤ ਚਿਰ ਪਹਿਲਾਂ ਹੀ ਸੋਹਾਣੇ ਪਿੰਡ ਇੱਕ ਵੀਰ ਨੇ ਇਹ ਕਿੱਸਾ ਦੱਸਿਆ ਸੀ ਪਰ ਬਾਅਦ ਵਿੱਚ ਯੂਟੂਇਬ ਤੇ ਵੀਡਿਓ ਵੀ ਆ ਗਈਆਂ ਸੀ।

ਪਿੰਡ ਰਾਮਨਗਰ ਭੰਗੀਮਾਜਰੇ ਦਾ ਗੁਰਨਾਮ ਸਿੰਘ ਫੌਜ਼ ਵਿੱਚੋ ਬਿਨਾਂ ਪੈਨਸ਼ਨ ਦੇ ਹੀ ਆ ਗਿਆ ਸੀ ਕਿਉਕੀ ਟੀ.ਬੀ ਦੀ ਬਿਮਾਰੀ ਹੋ ਗਈ ਸੀ। ਵਿਆਹ ਦੇ ਦਹਾਕਿਆਂ ਬਾਅਦ ਵੀ ਰੱਬ ਨੇ ਕੋਈ ਔਲਾਦ ਨਾ ਦਿੱਤੀ। ਮਨ ਚ ਸੋਚਿਆ ''ਚਲੋ ਜੇ ਕੋਈ ਔਲਾਦ ਨਹੀਂ, ਪਿੰਡ ਦੀ ਸ਼ਾਮਲਾਟ ਚ ਆਪਣੀ ਨਿਸ਼ਾਨੀ ਵਜੋ ਪਿੱਪਲ ਹੀ ਲਾ ਦੇਵਾਂ!'' ਹੋਣੀ ਨੂੰ ਕੌਣ ਟਾਲੇ ?

ਕੁਝ ਸਾਲਾਂ ਬਾਅਦ ਹੀ ਗਿਆਨ ਸਿੰਘ ਦੁਨਿਆਂ ਤੋਂ ਰੁਖ਼ਸਤ ਹੋ ਗਿਆ ਪਰ ਉਸਦੇ ਪਿਤਾ ਨੰਦ ਸਿੰਘ ਨੇ ਆਪਣੇ ਪੁੱਤ ਦੀ ਨਿਸ਼ਾਨੀ ਦਾ ਆਪਣੇ 'ਪੋਤੇ' ਵਾਂਗ ਹੀ ਖਿਆਲ ਰੱਖਿਆ ਤੇ ਹਰਾ ਭਰਾ ਰੱਖਿਆ।



ਚੰਡੀਗੜ ਲਈ ਪਹਿਲਾਂ ਉਠਾਲਾ ਹੋਇਆ ਤਾਂ ਰਾਮਨਗਰ ਭੰਗੀਮਾਜਰੇ ਨੂੰ ਤਹਿਸ ਨਹਿਸ ਕਰ ਦਿੱਤਾ। ਝੀਲ ਦੇ ਕੰਢਾ ਹੋਣ ਕਰਕੇ ਸਾਰੇ ਰੁੱਖ ਵੱਢੇ ਜਾ ਰਹੇ ਸੀ ਤੇ ਅਖੀਰ ਬਾਪੂ ਗੁਰਨਾਮ ਦੇ 'ਪੁੱਤ' ਦੀ ਵਾਰੀ ਵੀ ਆਉਣੀ ਸੀ।

ਚੰਗੀ ਕਿਸਮਤ ਸੀ ਕਿ ਇਸ ਯੋਜਨਾਂ ਵਿੱਚ ਕੰਮ ਕਰਦੇ ਕੁਲਵੰਤ ਸਿੰਘ ਅਲਾਪੁਰ ਨੂੰ ਇਸ ਪਿੱਪਲ ਦੀ ਕਹਾਣੀ ਪਤਾ ਸੀ ਕਿਉਕੀ ਉਹ ਰਾਮ-ਨਗਰ ਪਿੰਡ ਦਾ ਦੋਹਤਾ ਸੀ। ਉਸਨੇ ਝੀਲ ਦੇ ਨਕਸ਼ੇ ਨੂੰ ਇੰਝ ਮੋੜਿਆ ਕਿ ਇਸ ਪਿੱਪਲ ਨੂੰ ਬਚਾ ਲਿਆ ਗਿਆ। ਉਸ ਦਿਨ ਤੋਂ ਲੈ ਕੇ ਅੱਜ ਤੱਕ ਇਹ ਪਿੱਪਲ ਅਡੋਲ ਖੜਾ ਹੈ।

ਮੈਨੂੰ ਸੱਚੀਂ ਕਦੇ ਕਦੇ ਲੱਗਦਾ ਹੈ ਕਿ ਇਹ 'ਬੇਜ਼ੁਬਾਨ ਪੁੱਤ' ਆਪਣੇ ਬਾਪੂ ਗੁਰਨਾਮ ਸਿੰਘ ਨੂੰ ਯਾਦ ਕਰ ਰਿਹਾ ਹੈ।

# ਵਧਦੀ ਆਬਾਦੀ ਸਿਰਫ ਚੁਣੌਤੀ ਨਹੀਂ, ਤਾਕਤ ਵੀ ਹੈ

-ਅਨਿਲ ਭਾਸਕਰ-

ਵਿਸ਼ਵ ਆਬਾਦੀ ਦਿਵਸ ਉੱਤੇ ਯੂ ਐੱਨ ਓ ਨੇ ਜੋ ਰਿਪੋਰਟ ਪੇਸ਼ ਕੀਤੀ, ਉਹ ਭਾਰਤ ਦੇ ਪੱਖ ਤੋਂ ਬੜੀ ਮਹੱਤਵਪੂਰਨ ਹੈ। ਰਿਪੋਰਟ ਕਹਿੰਦੀ ਹੈ ਕਿ ਅਗਲੇ ਸਾਲ ਤੱਕ ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਜਾਵੇਗਾ। ਹਾਲੇ ਤੱਕ ਸਭ ਤੋਂ ਵੱਡੀ ਆਬਾਦੀ ਵਾਲੇ ਦੇਸ਼ ਚੀਨ ਵਿੱਚ 142.6 ਕਰੋੜ ਲੋਕ ਹਨ ਤੇ ਭਾਰਤ 141.7 ਕਰੋੜ ਦੀ ਆਬਾਦੀ ਨਾਲ ਦੂਜੇ ਥਾਂ ਉੱਤੇ ਹੈ। ਯੂ ਐੱਨ ਓ ਦਾ ਅੰਦਾਜ਼ਾ ਸਹੀ ਨਿਕਲਿਆ ਤਾਂ ਅਗਲੇ ਸਾਲ ਭਾਰਤ 142.9 ਕਰੋੜ ਦੀ ਆਬਾਦੀ ਨਾਲ ਪਹਿਲੇ ਸਥਾਨ ਉੱਤੇ ਹੋਵੇਗਾ। ਇਹ ਪਹਿਲਾਂ ਥਾਂ ਭਾਰਤ ਵਰਗੇ ਦੇਸ਼ ਲਈ ਵੱਡੀ ਚੁਣੌਤੀ ਵਾਂਗ ਦਿਸਦਾ ਹੈ ਕਿਉਂਕਿ ਅਸੀਂ ਵੱਡੀ ਆਬਾਦੀ ਨੂੰ ਦੇਸ਼ ਦੀ ਸਭ ਤੋਂ ਵੱਡੀ ਸਮੱਸਿਆ ਸਮਝਦੇ ਹਾਂ ਕਿ ਜਿੰਨੀ ਵੱਧ ਆਬਾਦੀ, ਓਨੀ ਵੱਧ ਸੋਮਿਆਂ ਦੀ ਹਿੱਸੇਦਾਰੀ। ਖੁਰਾਕ ਸੁਰੱਖਿਆ, ਸਿੱਖਿਆ ਦੀ ਗਾਰੰਟੀ, ਸਿਹਤ ਲੋੜਾਂ ਦਾ ਪ੍ਰਬੰਧ ਤੇ ਰੋਜ਼ਗਾਰ ਦੇ ਮੌਕਿਆਂ ਦੇ ਨਾਲ ਕੌਮਾਂਤਰੀ ਮਾਪਦੰਡਾਂ ਅਨੁਸਾਰ ਨਾਗਰਿਕ ਸਹੂਲਤਾਂ ਦਾ ਵਿਕਾਸ, ਇਹ ਸਭ ਜ਼ਿੰਮੇਵਾਰੀਆਂ ਸਰਕਾਰ ਦੇ ਮੋਢੇ ਉੱਤੇ ਰਹਿਣਗੀਆਂ। ਇਸ ਲਈ ਬਜਟ ਦੀ ਆਮਦਨ ਵਧਾਉਣ ਦੀ ਚੁਣੌਤੀ ਨਾਲ ਵੀ ਸਰਕਾਰ ਨੂੰ ਦੋ-ਚਾਰ ਹੋਣਾ ਹੋਵੇਗਾ। ਜ਼ਰਾ ਆਬਾਦੀ ਨੂੰ ਵੱਖਰੇ ਨਜ਼ਰੀਏ ਨਾਲ ਦੇਖਣ-ਸਮਝਣ ਦੀ ਕੋਸ਼ਿਸ਼ ਕਰੀਏ। ਵੱਡੀ ਆਬਾਦੀ ਦਾ ਮਤਲਬ ਵੱਡਾ ਮਨੁੱਖੀ ਸਰੋਤ ਗਰੁੱਪ, ਭਾਵ ਵੱਡੀ ਕਿਰਤ ਸ਼ਕਤੀ। ਇਸ ਨੂੰ ਹੋਰ ਬਿਹਤਰ ਸਮਝਣ ਲਈ ਸਭ ਤੋਂ ਵੱਡੀ ਆਬਾਦੀ ਵਾਲੇ ਦੇਸ਼ ਚੀਨ ਦੀ ਆਬਾਦੀ ਤੇ ਉਸ ਦੇ ਪ੍ਰਬੰਧ ਦੇ ਨਾਲ ਉਸ ਦੀ ਤਰੱਕੀ ਦੇ ਸਮੀਕਰਨ ਵੱਲ ਵੇਖੀਏ। ਸਿੰਗਲ ਚਾਈਲਡ ਦੀ ਸਖ਼ਤ ਨੀਤੀ ਦੇ ਲੰਬੇ ਦੌਰ ਦੇ ਬਾਵਜੂਦ ਚੀਨ ਅੱਜ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੈ, ਪਰ ਇਸ ਨੀਤੀ ਦੇ ਕਾਰਨ ਪਿਛਲੇ ਲੱਗਭਗ ਦੋ ਦਹਾਕਿਆਂ ਵਿੱਚ ਚੀਨ ਦੀ ਆਬਾਦੀ ਵਾਧਾ ਦਰ ਵਿੱਚ ਵਰਨਣਯੋਗ ਕਮੀ ਆਈ ਹੈ।

ਪਿਛਲੇ ਸਾਲ ਮਈ ਵਿੱਚ ਚੀਨ ਨੇ ਆਪਣੀ ਤਾਜ਼ਾ ਮਰਦਮਸ਼ੁਮਾਰੀ ਰਿਪੋਰਟ ਜਾਰੀ ਕੀਤੀ, ਜਿਸ ਵਿੱਚ ਲਿਖਿਆ ਸੀ ਕਿ 1982 ਦੀ ਮਰਦਮਸ਼ੁਮਾਰੀ ਵਿੱਚ ਚੀਨ ਦੀ ਆਬਾਦੀ ਵਾਧਾ ਦਰ 2.1 ਫ਼ੀਸਦੀ ਸੀ ਜੋ ਸਭ ਤੋਂ ਵੱਧ ਸੀ। ਰਿਪੋਰਟ ਵਿੱਚ ਕਿਹਾ ਗਿਆ ਕਿ ਪਿਛਲੇ ਇੱਕ ਦਹਾਕੇ 'ਭਾਵ ਸਾਲ 2011 ਤੋਂ 2021 ਦੌਰਾਨ ਉਸ ਦੀ ਆਬਾਦੀ ਔਸਤਨ 0.53 ਫ਼ੀਸਦੀ ਦੀ ਦਰ ਨਾਲ ਵਧੀ ਜੋ ਪਿਛਲੇ ਕਈ ਦਹਾਕਿਆਂ ਵਿੱਚ ਸਭ ਤੋਂ ਘੱਟ ਸੀ। ਇਸ ਨੂੰ ਅੰਕੜਾ ਮਾਹਿਰਾਂ ਨੇ ਸੰਕਟ ਦੇ ਤੌਰ ਉੱਤੇ ਜਾਣਿਆ।ਮੰਨਿਆ ਗਿਆ ਕਿ ਅਗਲੇ ਦਹਾਕੇ ਵਿੱਚ ਜੇ ਆਬਾਦੀ ਵਾਧਾ ਦਰ ਹੋਰ ਘਟੀ ਤਾਂ ਉਥੇ ਕਾਮਿਆਂ ਦਾ ਸੰਕਟ ਡੂੰਘਾ ਹੋ ਸਕਦਾ ਹੈ। ਇਸ ਦੇ ਉਲਟ ਮੈਡੀਕਲ ਖੇਤਰ ਵਿੱਚ ਵਰਨਣਯੋਗ ਵਿਕਾਸ ਦੇ ਕਾਰਨ ਜਿੱਥੇ ਮੌਤ ਦਰ ਵਿੱਚ ਕਮੀ ਆਈ, ਉਥੇ ਲੋਕਾਂ ਦੀ ਔਸਤ ਉਮਰ ਵਧੀ ਹੈ। ਇਸ ਵਾਧੇ-ਘਾਟੇ ਨੇ ਅਣ-ਉਤਪਾਦਕ ਬਜ਼ੁਰਗਾਂ ਦੇ ਕੁਨਬੇ ਦਾ ਕਾਫੀ ਵਾਧਾ ਕੀਤਾ ਹੈ।ਅਜਿਹੇ ਵਿੱਚ ਜੇ ਆਬਾਦੀ ਵਾਧੇ ਦੀ ਦਰ ਹੋਰ ਘੱਟ ਹੁੰਦੀ ਹੈ ਤਾਂ ਜ਼ਾਹਿਰ ਤੌਰ ਉੱਤੇ ਦੇਸ਼ ਦੀ ਕਿਰਤ ਸ਼ਕਤੀ ਵਿੱਚ ਹੋਰ ਗਿਰਾਵਟ ਆਵੇਗੀ। ਇਸ ਸੰਕਟ ਦੀ ਆਹਟ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਉਥੋਂ ਦੀ ਸਰਕਾਰ ਨੇ ਵੱਧ ਬੱਚੇ ਪੈਦਾ ਕਰਨ ਲਈ ਉਤਸ਼ਾਹਿਤ ਕਰਨ ਵਾਲਿਆਂ ਨੂੰ ਵਾਧੂ ਛੁੱਟੀ, ਬੇਬੀ ਬੋਨਸ, ਇਕਮੁਸ਼ਤ ਧਨ ਰਾਸ਼ੀ, ਟੈਕਸ ਵਿੱਚ ਛੋਟ ਅਤੇ ਕਈ ਹੋਰ ਯੋਜਨਾਵਾਂ ਦਾ ਲਾਭ ਦੇਣਾ ਸ਼ੁਰੂ ਕੀਤਾ ਹੈ। ਨਿੱਜੀ ਖੇਤਰ ਦੀਆਂ ਕੰਪਨੀਆਂ ਨੇ ਆਪਣੇ ਮੁਲਾਜ਼ਮਾਂ ਲਈ ਅਜਿਹੀਆਂ ਯੋਜਨਾਵਾਂ ਸ਼ੁਰੂ ਕੀਤੀਆਂ, ਜੋ ਉਨ੍ਹਾਂ ਨੂੰ ਵੱਧ ਬੱਚੇ ਪੈਦਾ ਕਰਨ ਲਈ ਪ੍ਰੇਰਦੀਆਂ ਹਨ।

ਇਹ ਸਮੱਸਿਆ ਉਨ੍ਹਾਂ ਪੱਛਮੀ ਦੇਸ਼ਾਂ ਵਿੱਚ ਦੋ ਦਹਾਕਿਆਂ ਤੋਂ ਵੀ ਵੱਧ ਪੁਰਾਣੀ ਹੈ, ਜਿੱਥੇ ਵਧੀਆ ਰਹਿਣ-ਸਹਿਣ ਅਤੇ ਮੈਡੀਕਲ ਸਹੂਲਤਾਂ ਵਿੱਚ ਵਰਨਣਯੋਗ ਵਾਧੇ ਦੇ ਨਾਲ ਆਬਾਦੀ ਵਾਧੇ ਬਾਰੇ ਵੱਧ ਸੰਵੇਦਨਸ਼ੀਲਤਾ ਦੱਸੀ-ਅਪਣਾਈ ਗਈ। ਇਸ ਸਮੱਸਿਆ ਨੂੰ ਨਾਂ ਦਿੱਤਾ ਗਿਆ 'ਏਜਿੰਗ ਪਾਪੂਲੇਸ਼ਨ'। ਉਨ੍ਹਾਂ ਦੇਸ਼ਾਂ ਵਿੱਚ ਕੰਮ ਕਰ ਸਕਣ ਵਾਲੇ ਨੌਜਵਾਨਾਂ ਦੀ ਆਬਾਦੀ ਲਗਾਤਾਰ ਘਟਦੀ ਗਈ ਜਿਸ ਨੇ ਵੱਡਾ ਕਿਰਤ ਸੰਕਟ ਪੈਦਾ ਕਰ ਦਿੱਤਾ। ਪੱਛਮ ਵਿੱਚ ਸਪੇਨ, ਰੋਮਾਨੀਆ, ਡੈਨਮਾਰਕ ਅਤੇ ਕੈਨੇਡਾ ਤੋਂ ਆਸਟ੍ਰੇਲੀਆ ਵਰਗੇ ਵੱਡੇ ਦੇਸ਼ ਕਿਰਤ ਸੰਕਟ ਦੇ ਘੇਰੇ ਵਿੱਚ ਹਨ ਤਾਂ ਪੂਰਬ ਵਿੱਚ ਜਾਪਾਨ ਵਰਗਾ ਛੋਟਾ, ਪਰ ਉਦਯੋਗਿਕ ਵਿਕਾਸ ਦੇ ਪੱਖ ਤੋਂ ਕ੍ਰਾਂਤੀਕਾਰੀ ਰਾਸ਼ਟਰ ਵੀ ਇਸ ਦੀ ਲਪੇਟ ਵਿੱਚ ਹੈ।

ਅੰਦਾਜ਼ਾ ਹੈ ਕਿ 2030 ਤੱਕ ਦੁਨੀਆ ਦਾ ਹਰ ਛੇਵਾਂ ਆਦਮੀ 65 ਸਾਲ ਦੀ ਉਮਰ ਪੂਰੀ ਕਰ ਚੁੱਕਾ ਹੋਵੇਗਾ ਅਤੇ 2050 ਆਉਂਦੇ-ਆਉਂਦੇ ਸ਼ਾਇਦ ਹਰ ਤੀਜਾ। ਅਧਿਐਨ ਵਿੱਚ ਇਹ ਸੰਕੇਤ ਵੀ ਹੈ ਕਿ 2050 ਤੱਕ ਚੀਨ ਦੀ ਕਿਰਤ ਸ਼ਕਤੀ ਵਿੱਚ 20 ਅਤੇ ਜਾਪਾਨ ਵਿੱਚ 40 ਫ਼ੀਸਦੀ ਤੱਕ ਕਮੀ ਆਵੇਗੀ। ਅਜੇ ਤਿੰਨ ਸਾਲ ਪਹਿਲਾਂ ਜਾਪਾਨ ਦੇ ਓਦੋਂ ਦੇ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਨੇ ਮੰਨਿਆ ਸੀ ਕਿ ਜਨਮ ਦਰ ਵਿੱਚ ਭਾਰੀ ਗਿਰਾਵਟ ਕਾਰਨ ਉਥੇ ਕਿਰਤ ਸੰਕਟ ਲਗਾਤਾਰ ਡੂੰਘਾ ਹੋ ਰਿਹਾ ਹੈ ਅਤੇ ਇਸ ਤੋਂ ਉਭਰਨ ਲਈ ਜਾਪਾਨ ਦੀ ਸਰਕਾਰ ਹੋਰ ਜ਼ਰੂਰੀ ਉਪਾਅ ਕਰਨ ਦੇ ਨਾਲ ਦੂਜੇ ਦੇਸ਼ਾਂ ਤੋਂ ਚਾਰ ਲੱਖ ਵਿਦੇਸ਼ੀ ਕਾਮੇ ਲਿਆਉਣਾ ਚਾਹੁੰਦੀ ਹੈ।

ਇਨ੍ਹਾਂ ਹਾਲਤਾਂ ਵਿੱਚ ਸਾਡੇ ਲਈ ਜਾਨਣਾ ਕਿੰਨਾ ਸੁਖਦਾਈ ਹੈ ਕਿ ਭਾਰਤ ਵਿੱਚ ਅਜਿਹੇ ਵੱਡੀ ਉਮਰ ਦੇ ਬਜ਼ੁਰਗਾਂ ਦੀ ਗਿਣਤੀ ਸਾਡੀ ਕੁਲ ਆਬਾਦੀ ਦਾ ਸਿਰਫ 6 ਫੀਸਦੀ ਹੈ। ਜ਼ਾਹਿਰ ਹੈ, ਆਬਾਦੀ ਦਾ ਵੱਡਾ ਹਿੱਸਾ ਜਵਾਨ ਹੈ ਅਤੇ ਵੱਡੀ ਕਿਰਤ ਸ਼ਕਤੀ ਦਾ ਪ੍ਰਤੀਕ ਹੈ। ਇਹ ਵੀ ਤੈਅ ਹੈ ਕਿ ਆਬਾਦੀ ਵਧਣ ਨਾਲ ਇਹ ਫੀਸਦੀ ਹੋਰ ਹੇਠਾਂ ਆਵੇਗੀ ਅਤੇ ਇਸ ਦੇ ਉਲਟ ਸਾਡੀ ਜਵਾਨ ਸ਼ਕਤੀ ਵਿੱਚ ਵਾਧਾ ਹੋਵੇਗਾ, ਫਿਰ ਚਿੰਤਾ ਕਿਉਂ? ਅਸੀਂ ਦੇਸ਼ ਵਿੱਚ ਵਧਦੀ ਬੇਰੋਜ਼ਗਾਰੀ ਤੋਂ ਡਰੇ ਹੋਏ ਹਾਂ ਜਦਕਿ ਵਧਦੀ ਬੇਰੋਜ਼ਗਾਰੀ ਦਾ ਕਾਰਨ ਆਬਾਦੀ ਨਹੀਂ, ਸਗੋਂ ਰੋਜ਼ਗਾਰ ਦੀ ਸਹੀ ਢੰਗ ਨਾਲ ਸਿਰਜਨਾ ਨਾ ਹੋਣੀ ਹੈ। ਇਸ ਲਈ ਸਾਨੂੰ ਇਸ ਸਮੇਂ ਦੁਨੀਆ ਦੇ ਕਿਰਤ ਸੰਕਟ ਨੂੰ ਆਪਣੇ ਲਈ ਮੌਕੇ ਵਜੋਂ ਦੇਖਣਾ ਚਾਹੀਦਾ ਹੈ। ਜੇ ਅਸੀਂ ਆਪਣੀ ਜਵਾਨ ਸ਼ਕਤੀ ਨੂੰ ਹੁਨਰਮੰਦ ਕਿਰਤ ਸ਼ਕਤੀ ਵਿੱਚ ਬਦਲ ਦੇਈਏ ਤਾਂ ਰੋਜ਼ਗਾਰ ਲਈ ਅੱਧੀ ਦੁਨੀਆ ਦੇ ਦਰ ਖੁੱਲ੍ਹੇ ਮਿਲ ਸਕਦੇ ਹਨ, ਖਾਸ ਕਰਕੇ ਸੇਵਾ ਖੇਤਰ ਵਿੱਚ ਆਸਟ੍ਰੇਲੀਆ ਦੇ ਗਲੋਬਲ ਬਿਜ਼ਨੈਸ ਐਡਵਾਈਜ਼ਰ ਗਰੁੱਪ 'ਸੀ ਐਕਸ ਸੀ' ਵਿੱਚ ਘੱਟ ਤੋਂ ਘੱਟ ਪੰਜ ਅਜਿਹੇ ਉਦਯੋਗ ਦੱਸੇ ਹਨ, ਜਿੱਥੇ ਆਉਣ ਵਾਲੇ ਸਾਲਾਂ ਵਿੱਚ ਵਿਸ਼ਵ ਪੱਧਰ ਉੱਤੇ ਕਾਮਿਆਂ ਦੀ ਸਭ ਤੋਂ ਵੱਧ ਲੋੜ ਪੈਣ ਵਾਲੀ ਹੈ। ਇਹ ਹਨ ਜਹਾਜ਼ ਟ੍ਰਾਂਸਪੋਰਟ, ਡਾਕਟਰੀ, ਖਾਣ-ਪੀਣ, ਨਿਰਮਾਣ ਅਤੇ ਆਵਾਜਾਈ। ਜ਼ਰਾ ਸੋਚੋ, ਇਹ ਉਹੀ ਸੇਵਾ ਖੇਤਰ ਹਨ ਜਿਨ੍ਹਾਂ ਵਿੱਚ ਸਾਡੇ ਭਾਰਤੀਆਂ ਦੀ ਹੁਨਰਪੁਣਾ ਰਿਹਾ ਹੈ।

ਜੇ ਇਨ੍ਹਾਂ ਨਵੀਆਂ ਸੰਭਾਵਨਾਵਾਂ ਨੂੰ ਧਿਆਨ ਵਿੱਚ ਰੱਖ ਕੇ ਰੋਜ਼ਗਾਰ ਨੀਤੀ ਬਣੇ ਤਾਂ ਵੱਧ ਆਬਾਦੀ ਦੀ ਸਮੱਸਿਆ ਨੂੰ ਮੌਕੇ ਵਿੱਚ ਬਦਲਣ ਵਿੱਚ ਵੱਧ ਮੁਸ਼ੱਕਤ ਨਹੀਂ ਕਰਨੀ ਪਵੇਗੀ। ਹੁਨਰ ਵਿਕਾਸ ਯੋਜਨਾ ਨੂੰ ਸੰਗਠਿਤ ਤੌਰ ਉੱਤੇ ਥੋੜ੍ਹਾ ਵਿਆਪਕ ਆਧਾਰ ਦਿੱਤਾ ਜਾਵੇ ਅਤੇ ਕੌਮਾਂਤਰੀ ਕਿਰਤ ਪ੍ਰਬੰਧਨ ਵਿੱਚ ਆਪਣੀ ਮਜ਼ਬੂਤ ਭੂਮਿਕਾ ਯਕੀਨੀ ਬਣਾਈ ਜਾਵੇ ਤਾਂ ਇਹ ਬੇਰੋਜ਼ਗਾਰੀ ਦੇ ਖਾਤਮੇ ਦਾ ਵੱਡਾ ਸੁਯੋਗ ਵੀ ਹੋ ਸਕਦਾ ਹੈ।

# ਪੰਜਾਬ ਵਿੱਚ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਭਾਰੀ ਜੁਰਮਾਨਾ ਭਰਨਾ ਪਵੇਗਾ



ਚੰਡੀਗੜ੍ਹ, 17 ਜੁਲਾਈ (ਪੋਸਟ ਬਿਊਰੋ)- ਪੰਜਾਬ ਦੀਆਂ ਸੜਕਾਂ ਉੱਤੇ ਤੇਜ਼ ਰਫਤਾਰ ਨਾਲ ਗੱਡੀ ਚਲਾਉਣ ਅਤੇ ਲਾਲ ਬੱਤੀ ਉਲੰਘਣ, ਸ਼ਰਾਬ ਪੀ ਕੇ ਗੱਡੀ ਚਲਾਉਣ ਜਾਂ ਗੱਡੀ ਚਲਾਉਂਦੇ ਸਮੇਂ ਮੋਬਾਈਲ ਫੋਨ ਵਰਤਣਅਤੇ ਗੱਡੀਆਂ ਵਿੱਚ ਤੈਅ ਕੀਤੇ ਤੋਂ ਵੱਧ ਭਾਰ ਲਿਜਾਣ ਉੱਤੇ ਵੱਡਾ ਜੁਰਮਾਨਾ ਭਰਨਾ ਪੈ ਸਕਦਾ ਹੈ।

ਇਸ ਬਾਰੇ ਪੰਜਾਬ ਦੇ ਟਰਾਂਸਪੋਰਟ ਵਿਭਾਗ ਵੱਲੋਂ ਜਾਰੀ ਤਾਜ਼ਾ ਨੋਟੀਫਿਕੇਸ਼ਨ ਦੇ ਮੁਤਾਬਕ ਸ਼ਰਾਬ ਪੀ ਕੇ ਗੱਡੀ ਚਲਾਉਣ ਤੇ ਮੋਬਾਈਲ ਫੋਨ ਦੀ ਵਰਤੋਂ ਨੂੰ ਸਭ ਤੋਂ ਸੰਗੀਨ ਜੁਰਮ ਮੰਨਿਆ ਗਿਆ ਅਤੇਇਨ੍ਹਾਂ ਦੋਵਾਂ ਦੋਸ਼ ਲਈ ਚਾਲਕ ਨੂੰ ਪਹਿਲੀ ਵਾਰ ਪੰਜ ਹਜ਼ਾਰ ਰੁਪਏ ਜੁਰਮਾਨਾ ਅਤੇ ਤਿੰਨ ਮਹੀਨਿਆਂ ਲਈ ਲਾਇਸੈਂਸ ਸਸਪੈਂਡ ਕਰਨ ਦੀ ਸਜ਼ਾ ਹੋਵੇਗੀ। ਦੂਜੀ ਵਾਰ ਇਸੇ ਦੋਸ਼ ਹੇਠ ਫੜੇ ਗਏ ਚਾਲਕ ਨੂੰ 10 ਹਜ਼ਾਰ ਰੁਪਏ ਜੁਰਮਾਨਾ ਅਤੇ ਤਿੰਨ ਮਹੀਨਿਆਂ ਲਈ ਲਾਇਸੈਂਸ ਸਸਪੈਂਡ ਕੀਤਾ ਜਾਵੇਗਾ। ਲਾਲ ਬੱਤੀ ਦੀ ਉਲੰਘਣਾ ਕਰਨ ਅਤੇ ਨਿਰਧਾਰਤ ਸਪੀਡ ਹੱਦ ਤੋਂ ਵੱਧ ਰਫਤਾਰ ਉੱਤੇ ਵਾਹਨਚਲਾਉਣ ਵਾਲੇ ਨੂੰ ਪਹਿਲੀ ਵਾਰ ਇੱਕ ਹਜ਼ਾਰ ਰੁਪਏ ਤੇ ਦੂਜੀ ਵਾਰ ਦੋ ਹਜ਼ਾਰ ਰੁਪਏ ਜੁਰਮਾਨੇ ਸਣੇ ਦੋਵੇਂ ਵਾਰ ਤਿੰਨ-ਤਿੰਨ ਮਹੀਨਿਆਂ ਲਈ ਲਾਇਸੈਂਸ ਸਸਪੈਂਡ ਕਰਨ ਦੀ ਸਜ਼ਾ ਹੋਵੇਗੀ। ਇਹ ਜੁਰਮਾਨਾ ਦੋ ਪਹੀਆ ਵਾਹਨ ਚਾਲਕਾਂ ਉੱਤੇ ਵੀ ਲਾਗੂ ਹੋਵੇਗਾ। ਇਸ ਤੋਂ ਇਲਾਵਾ ਦੋ ਪਹੀਆ ਵਾਹਨਾਂ ਉੱਤੇ ਵੱਧ ਸਵਾਰੀਆਂ ਬਿਠਾਉਣ ਉੱਤੇ ਪਹਿਲੀ ਵਾਰ ਇੱਕ ਹਜ਼ਾਰ ਅਤੇ ਦੂਜੀ ਵਾਰ ਦੋ ਹਜ਼ਾਰ ਰੁਪਏ ਜੁਰਮਾਨਾ ਕੀਤਾ ਜਾਵੇਗਾ।

ਵਪਾਰਕ ਗੱਡੀਆਂ ਵਿੱਚ ਤੈਅ ਕੀਤੇ ਭਾਰ ਤੋਂ ਵੱਧ ਭਾਰ ਲੋਡ ਕਰਨ ਉੱਤੇ ਪਹਿਲੀ ਵਾਰ 20 ਹਜ਼ਾਰ ਰੁਪਏ ਜਾਂ ਦੋ ਹਜ਼ਾਰ ਰੁਪਏ ਪ੍ਰਤੀ ਟਨ ਜੁਰਮਾਨਾ ਅਤੇ ਦੂਸਰੀ ਵਾਰ ਚਾਲੀ ਹਜ਼ਾਰ ਰੁਪਏ ਜਾਂ ਦੋ ਹਜ਼ਾਰ ਰੁਪਏ ਕੁਇੰਟਲ ਜੁਰਮਾਨਾ ਲੱਗੇਗਾ ਅਤੇ ਸਾਰੀਆਂ ਹਾਲਤਾਂ ਵਿੱਚ ਲਾਇਸੈਂਸ ਵੀ ਸਸਪੈਂਡ ਕੀਤਾ ਜਾਵੇਗਾ। ਟਰਾਂਸਪੋਰਟ ਵਿਭਾਗ ਦੇ ਸੂਤਰਾਂ ਅਨੁਸਾਰ ਪੰਜਾਬ ਦੀਆਂ ਸੜਕਾਂ ਉੱਤੇ ਵਾਹਨਾਂ ਦੀ ਸਪੀਡ ਹੱਦ ਚੈਕ ਕਰਨ ਲਈ ਕੈਮਰਿਆਂ ਦੀ ਵਿਵਸਥਾ ਵੀ ਕੀਤੀ ਜਾ ਰਹੀ ਹੈ।

# ਮੁੱਖ ਮੰਤਰੀ ਦੇ ਘਰ ਅੱਗੇ ਪ੍ਰਦਰਸ਼ਨ ਮੌਕੇ ਦੋ ਜਣਿਆਂ ਵੱਲੋਂ ਖੁਦਕੁਸ਼ੀ ਦੀ ਕੋਸ਼ਿਸ਼



ਸੰਗਰੂਰ, 17 ਜੁਲਾਈ (ਪੋਸਟ ਬਿਊਰੋ)- ਪਰਸੋਂ ਰਾਤ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਵਾਸ ਡਰੀਮ ਲੈਂਡ ਕਾਲੋਨੀ ਦੇ ਬਾਹਰ ਪੁਲਸ ਭਰਤੀ 2016 ਅਤੇ ਵੈਰੀਫਿਕੇਸ਼ਨ 2017 ਨਾਲ ਸਬੰਧਤ ਵਲੰਟੀਅਰਾਂ ਵਿੱਚੋਂ ਦੋ ਜਣਿਆਂ ਨੇ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ। ਇਹ ਦਾਅਵਾ ਯੂਨੀਅਨ ਆਗੂਆਂ ਨੇ ਕੀਤਾ ਹੈ।

ਇਸ ਬਾਰੇ ਪੰਜਾਬ ਪੁਲਸ ਭਰਤੀ 2016 ਅਤੇ 2017 ਦੀ ਵੈਰੀਫਿਕੇਸ਼ਨ ਯੂਨੀਅਨ ਦੇ ਪ੍ਰਧਾਨ ਹਰਦੀਪ ਸਿੰਘ ਨੇ ਦੱਸਿਆ ਕਿ ਗੁਰਦੀਪ ਸਿੰਘ ਬੱਲਰਾਂ ਨੇ ਪੰਜਾਬ ਸਰਕਾਰ ਦੇ ਵਿਹਾਰ ਦੇ ਖਿਲਾਫ ਰੋਸ ਵਜੋਂ ਕਾਲੋਨੀ ਨੇੜੇ ਰਾਤ 10.30 ਵਜੇ ਦੇ ਕਰੀਬ ਇੱਕ ਰੁੱਖ ਨਾਲ ਆਪਣੀ ਪੱਗ ਨਾਲ ਫਾਹਾ ਲੈਣ ਦੀ ਕੋਸ਼ਿਸ਼ ਕੀਤੀ, ਪਰ ਸਾਥੀਆਂ ਤੇ ਪੁਲਸ ਵਾਲਿਆਂ ਨੇ ਰੋਕ ਲਿਆ। ਫਿਰ ਇਸ ਨੌਜਵਾਨ ਨੇ ਇੱਕ ਖੇਤ ਵਿਚਲੇ ਟਰਾਂਸਫਾਰਮਰ ਉੱਤੇ ਚੜ੍ਹ ਕੇ ਖੁਦਕੁਸ਼ੀ ਦਾ ਯਤਨ ਕੀਤਾ, ਪਰ ਬਿਜਲੀ ਸਪਲਾਈ ਨਾ ਹੋਣ ਕਾਰਨ ਬਚਾਅ ਹੋ ਗਿਆ। ਕੁਝ ਸਮੇਂ ਬਾਅਦ ਹੀ ਦੂਸਰੀ ਘਟਨਾ ਵਿੱਚ ਪਿੰਡ ਲਹਿਲ ਕਲਾਂ ਦੇ ਗੁਰਜੀਤ ਸਿੰਘ ਨੂੰ ਕੋਈ ਜ਼ਹਿਰੀਲੀ ਸਪਰੇਅ ਪੀਣ ਕਾਰਨ ਸਿਵਲ ਹਸਪਤਾਲ ਲਿਆਂਦਾ ਗਿਆ। ਡਾਕਟਰ ਰਵਿੰਦਰ ਨਾਥ ਅਨੁਸਾਰ ਮੁੱਢਲੇ ਤੌਰ ਉੱਤੇ ਹਰਦੀਪ ਸਿੰਘ ਘਬਰਾਹਟ ਦਾ ਸ਼ਿਕਾਰ ਲੱਗਦਾ ਸੀ, ਜ਼ਹਿਰ ਬਾਰੇ ਉਸ ਦੀ ਸਥਿਤੀ ਸ਼ੱਕੀ ਸੀ। ਡਾਕਟਰ ਅਨੁਸਾਰ ਇਲਾਜ ਦੌਰਾਨ ਗੁਰਜੀਤ ਸਿੰਘ ਹਸਪਤਾਲਤੋਂ ਬਿਨਾਂ ਦੱਸੇ ਚਲਾ ਗਿਆ। ਐਸ ਐਚ ਓ ਸਦਰ ਪ੍ਰਤੀਕ ਜਿੰਦਲ ਨੇ ਦੋਵਾਂ ਘਟਨਾਵਾਂ ਦੀ ਪੁਸ਼ਟੀ ਕੀਤੀ ਹੈ, ਪਰ ਸਥਿਤੀ ਨੂੰ ਕਾਬੂ ਹੇਠ ਦੱਸਿਆ ਹੈ।

# ਦਲੇਰ ਮਹਿੰਦੀ ਨੂੰ ਜੇਲ੍ਹ ਵਿੱਚ ਮੁਨਸ਼ੀ ਦਾ ਕੰਮ ਮਿਲਿਆ

## * ਜ਼ਮੀਨ ਉੱਤੇ ਸੌਣ ਤੇ ਵਜ਼ਨ ਵਧਣ ਕਾਰਨ ਸਿੱਧੂ ਦੇ ਗੋਡੇ ਦੁੱਖਣ ਲੱਗੇ

ਪਟਿਆਲਾ, 17 ਜੁਲਾਈ (ਪੋਸਟ ਬਿਊਰੋ)- ਕਬੂਤਰਬਾਜ਼ੀ ਦੇ ਕੇਸ ਵਿੱਚ ਸਜ਼ਾ ਹੋਣ ਤੋਂ ਬਾਅਦਪੌਪ ਗਾਇਕ ਦਲੇਰ ਮਹਿੰਦੀ ਨੂੰ ਕੇਂਦਰੀ ਜੇਲ੍ਹ ਪਟਿਆਲਾ ਭੇਜਿਆ ਗਿਆ ਹੈ, ਜਿੱਥੇ ਜੇਲ੍ਹ ਪ੍ਰਸ਼ਾਸਨ ਨੇ ਦਲੇਰ ਮਹਿੰਦੀ ਨੂੰ ਨਵਜੋਤ ਸਿੰਘ ਸਿੱਧੂ ਵਾਲੀ ਬੈਰਕ ਵਿੱਚ ਬੰਦ ਕੀਤਾ ਸੀ। ਇਸ ਤੋਂ ਪਹਿਲਾਂ ਵੀ ਨਵਜੋਤ ਸਿੱਧੂ ਅਤੇ ਦਲੇਰ ਮਹਿੰਦੀ ਕਈ ਟੀ ਵੀ ਸ਼ੋਅ ਵਿੱਚ ਇਕੱਠੇ ਕੰਮ ਕਰ ਚੁੱਕੇ ਹਨ ਅਤੇ ਇਸ ਵਕਤ ਦੋਵੇਂ ਪਟਿਆਲਾ ਜੇਲ੍ਹ ਵਿੱਚ ਵੀ ਸਾਥੀ ਬਣ ਗਏ ਹਨ।



ਦਲੇਰ ਮਹਿੰਦੀ ਨੂੰ ਕੈਦੀ ਵਜੋਂ ਮੁਨਸ਼ੀ ਦਾ ਕੰਮ ਦਿੱਤਾ ਗਿਆ ਹੈ, ਜੋ ਆਪਣੀ ਬੈਰਕ ਵਿੱਚੋਂ ਹੀ ਮੁਨਸ਼ੀ ਦਾ ਕੰਮ ਕਰਨਗੇ।19 ਸਾਲ ਪੁਰਾਣੇ ਕਬੂਤਰਬਾਜ਼ੀ ਦੇ ਕੇਸ ਵਿੱਚ ਐਡੀਸ਼ਨਲ ਸੈਸ਼ਨ ਜੱਜ ਐਚ ਐਸ ਗਰੇਵਾਲ ਦੀ ਅਦਾਲਤ ਨੇ ਉਸ ਦੀ ਅਪੀਲ ਡਿਸਮਿਸ ਕਰ ਕੇ ਇਸ ਕੇਸ ਵਿਚ ਉਸ ਦੀ ਦੋ ਸਾਲ ਸਜ਼ਾ ਕਾਇਮ ਰੱਖੀ ਸੀ, ਜੋ ਸਾਲ 2018 ਵਿੱਚ ਹੇਠਲੀ ਅਦਾਲਤ ਨੇ ਦਲੇਰ ਮਹਿੰਦੀ ਨੂੰ ਕੀਤੀ ਸੀ।

ਦੂਜੇ ਪਾਸੇ ਰੋਡ ਰੇਜ ਕੇਸ ਵਿੱਚ ਇੱਕ ਸਾਲ ਸਜ਼ਾ ਕੱਟ ਰਹੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਜ਼ਮੀਨ ਉੱਤੇ ਸੌਣ ਅਤੇ ਵਜ਼ਨ ਵਧਣ ਨਾਲ ਗੋਡਿਆਂ ਵਿੱਚ ਦਰਦ ਸ਼ੁਰੂ ਹੋ ਗਿਆ ਹੈ। ਸਿੱਧੂ ਦੇ ਚੈਕਅਪ ਪਿੱਛੋਂ ਡਾਕਟਰਾਂ ਨੇ ਉਸ ਨੂੰ ਮੰਜੇ ਉੱਤੇ ਸੌਣ ਦੀ ਸਲਾਹ ਦਿੱਤੀ ਅਤੇ ਸਿੱਧੂ ਦੀ ਟਾਇਲਟ ਸੀਟ ਨੂੰ ਉੱਚੀ ਕਰਵਾ ਦਿੱਤੀ ਹੈ ਤਾਂ ਕਿ ਸਮੱਸਿਆ ਨਾ ਆਵੇ।ਸਿੱਧੂ ਦਾ ਜੇਲ੍ਹ ਵਿੱਚ ਚੈਕਅਪ ਕੀਤਾ ਗਿਆ। ਸਿੱਧੂ ਇਸ ਤੋਂ ਪਹਿਲਾਂ ਲੀਵਰ ਦੀ ਸਮੱਸਿਆ ਦੇ ਕਾਰਨ ਬੀਮਾਰੀਆਂ ਬਾਰੇ ਸੁਰਖੀਆਂ ਵਿੱਚ ਰਹੇ ਹਨ। ਉਦੋਂ ਉਨ੍ਹਾਂ ਨੇ ਪੀ ਜੀ ਆਈ ਤੋਂ ਆਪਣਾ ਇਲਾਜ ਕਰਵਾਇਆ ਸੀ। ਸਿੱਧੂ ਨੂੰ ਜਦੋਂ ਜੇਲ੍ਹ ਹੋਈ ਤਾਂ ਅਦਾਲਤ ਦੇ ਹੁਕਮਾਂ ਉੱਤੇ ਸਿੱਧੂ ਦਾ ਤਿੰਨ ਦਿਨਾਂ ਬਾਅਦ ਸਰਕਾਰੀ ਰਜਿੰਦਰਾ ਹਸਪਤਾਲ ਵਿੱਚ ਚੈਕਅਪ ਕਰਵਾਇਆ ਗਿਆ ਸੀ ਤੇ ਡਾਕਟਰਾਂ ਦੀ ਟੀਮ ਨੇ ਉਸ ਦੇ ਲੀਵਰ ਵਿੱਚ ਥੋੜ੍ਹੀ ਸਮੱਸਿਆ ਦੱਸੀ ਸੀ। ਉਸ ਤੋਂ ਬਾਅਦ ਉਨ੍ਹਾਂ ਨੂੰ ਕੁਝ ਚੀਜ਼ਾਂ ਤੋਂ ਐਲਰਜੀ ਕਾਰਨ ਡਾਈਟ ਮਨਜ਼ੂਰ ਹੋਈ ਸੀ।

# ਔਰਤ ਨੂੰ ਕਾਰ ਸਮੇਤ ਲੈ ਜਾਣ ਵਾਲੇ ਜਸਬੀਰ ਨੂੰ ਇੱਕ ਸਾਲ ਦੀ ਕੈਦ

ਜਲੰਧਰ, 17 ਜੁਲਾਈ (ਪੋਸਟ ਬਿਊਰੋ)- ਅਡੀਸ਼ਨਲ ਸੈਸ਼ਨ ਜੱਜ ਤਰਨਤਾਰਨ ਸਿੰਘ ਬਿੰਦਰਾ ਦੀ ਅਦਾਲਤ ਨੇ ਪਿੰਡ ਨੂਰਪੁਰ ਚੱਠਾ ਦੇ ਜਸਵੀਰ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਤੇ ਇੱਕ ਸਾਲ ਤੋਂ ਵੱਧ ਦੀ ਸਜ਼ਾ ਸੁਣਾਈ ਹੈ।



ਥਾਣਾ ਡਵੀਜ਼ਨ ਨੰਬਰ ਛੇ ਦੀ ਪੁਲਸ ਨੇ 31 ਮਈ 2021 ਨੂੰ ਮਾਡਲ ਟਾਊਨ ਦੀ ਬਲਬੀਰ ਕੌਰ ਦੇ ਬਿਆਨ ਉੱਤੇਇੱਕ ਕੇਸ ਦਰਜ ਕੀਤਾ ਸੀ। ਬਲਬੀਰ ਕੌਰ ਨੇ ਕਿਹਾ ਸੀ ਕਿ ਉਹ ਆਪਣੀ ਇਨੋਵਾ ਗੱਡੀ ਵਿੱਚ ਬੈਠੀ ਸੀ, ਉਸ ਦਾ ਡਰਾਈਵਰ ਮੋਬਾਈਲ ਫੋਨ ਠੀਕ ਕਰਾਉਣ ਗਿਆ ਸੀ ਤਾਂ ਡਰਾਈਵਰ ਵਾਲੀ ਸੀਟ ਉੱਤੇਲੁਟੇਰਾ ਆ ਬੈਠਾ ਅਤੇ ਗੱਡੀ ਸਮੇਤ ਉਸ ਨੂੰ ਲੈ ਗਿਆ। ਪਿੱਛੋਂ ਪੁਲਸ ਨੇ ਜਾਂਚ ਦੇ ਦੌਰਾਨ ਜਸਬੀਰ ਸਿੰਘ ਨੂੰ ਫੜਿਆ ਸੀ। 31 ਮਈ ਨੂੰ ਦਿਨ ਦਿਹਾੜੇ ਮਾਡਲ ਟਾਊਨ ਦੀ70 ਸਾਲਾ ਔਰਤ ਬਲਵੀਰ ਕੌਰ ਆਪਣੇ ਡਰਾਈਵਰ ਗੋਪੀ ਕਨੌਜੀਆ ਨਾਲ ਇਨੋਵਾ ਕਾਰ ਵਿੱਚ ਨਾਲ ਦੀ ਇਨਕਮ ਟੈਕਸ ਕਾਲੋਨੀ ਦੀ ਮਾਰਕੀਟ ਵਿੱਚ ਸ਼ਾਪਿੰਗ ਕਰਨ ਆਈ ਸਾਮਾਨ ਖਰੀਦਣ ਆਈ ਤਾਂ ਸਾਮਾਨ ਖਰੀਦਣ ਦੇ ਬਾਅਦ ਉਸ ਨੇ ਡਰਾਈਵਰ ਗੋਪੀ ਨੂੰ ਪੁਰਾਣਾ ਮੋਬਾਈਲ ਵੇਚਣ ਲਈ ਦੁਕਾਨ ਉੱਤੇ ਰੇਟ ਪਤਾ ਕਰਨ ਭੇਜਿਆ ਸੀ। ਜਦ ਗੋਪੀ ਮੋਬਾਈਲ ਦੀ ਦੁਕਾਨ ਵਿੱਚ ਗਿਆ ਤਾਂ ਉਸ ਨੇ ਕਾਰ ਨੂੰ ਸਟਾਰਟ ਹੀ ਰਹਿਣ ਦਿੱਤਾ ਸੀ, ਕਿਉਂਕਿ ਬਲਬੀਰ ਕੌਰ ਕਾਰ ਵਿੱਚ ਬੈਠੀ ਸੀ ਅਤੇ ਏਸੀ ਚੱਲਦਾ ਸੀ। ਲਗਭਗ ਦੋ ਮਿੰਟ ਬਾਅਦ ਗੋਪੀ ਨੇ ਦੇਖਿਆ ਕਿ ਇੱਕ ਨੌਜਵਾਨ ਉਨ੍ਹਾਂ ਦੀ ਕਾਰ ਭਜਾ ਕੇ ਲਿਜਾ ਰਿਹਾ ਹੈ। ਉਸ ਨੇ ਦੁਕਾਨ ਮਾਲਕ ਦੀ ਐਕਟਿਵਾ ਉੱਤੇ ਗੱਡੀ ਦਾ ਪਿੱਛਾ ਕੀਤਾ, ਪਰ ਕਾਮਯਾਬ ਨਹੀਂ ਹੋ ਸਕਿਆ। ਉਕਤ ਨੌਜਵਾਨ ਨੇ ਔਰਤ ਨੂੰ ਜਮਸ਼ੇਰ ਡੇਅਰੀਆਂ ਦੇ ਬਾਹਰ ਜਾ ਕੇ ਉਤਾਰ ਦਿੱਤਾ ਸੀ।

# ਮੈਡੀਕਲ ਸਟੋਰ ਵਾਲੇ ਦੀ ਪਤਨੀ ਨੂੰ ਬੰਦੀ ਬਣਾ ਕੇ 16 ਲੱਖ ਰੁਪਏ ਤੇ ਗਹਿਣੇ ਲੁੱਟੇ

ਫਰੀਦਕੋਟ, 17 ਜੁਲਾਈ (ਪੋਸਟ ਬਿਊਰੋ)- ਸਿਟੀ ਥਾਣੇ ਹੇਠ ਸ਼ਹਿਰ ਦੇ ਪੌਸ਼ ਇਲਾਕੇ ਨਿਊ ਕੈਂਟ ਰੋਡ ਸਟਰੀਟ ਨੰਬਰ 2ਦੇ ਇੱਕ ਮੈਡੀਕਲ ਸਟੋਰ ਵਾਲੇ ਦੇ ਘਰ ਤਿੰਨ ਨਕਾਬਪੋਸ਼ ਲੁਟੇਰਿਆਂ ਨੇ ਉਸ ਦੀ ਪਤਨੀ ਤੇ ਨੌਕਰਾਣੀ ਨੂੰ ਬੰਦੀ ਬਣਾ ਕੇ ਪਿਸਤੌਲ ਦੀ ਨੋਕ ਉੱਤੇ ਲੁੱਟ-ਖੋਹ ਕੀਤੀ ਹੈ। ਉਹ ਅਲਮਾਰੀ ਦੀਆਂ ਚਾਬੀਆਂ ਲੈ ਕੇ ਲਗਭਗ 16 ਲੱਖ ਰੁਪਏ ਨਗਦ ਅਤੇ ਮਹਿਲਾ ਦੇ ਪਾਏ ਹੋਏ ਸੋਨੇ ਦੇ ਵੀਹ ਤੋਲੇ ਦੇ ਗਹਿਣੇ ਲੁੱਟ ਕੇ ਫਰਾਰ ਹੋ ਗਏ।

ਪੁਲਸ ਅਨੁਸਾਰ ਕੱਲ੍ਹ ਦੁਪਹਿਰੇ ਕਰੀਬ ਡੇਢ ਵਜੇ ਮੈਡੀਕਲ ਸਟੋਰ ਮਾਲਕ ਲਵਲੀ ਜੈਨ ਦੇ ਘਰ ਤਿੰਨ ਵਿਅਕਤੀ ਇੰਟਰਨੈਟ ਠੀਕ ਕਰਨ ਦੇ ਬਹਾਨੇ ਆਏ ਅਤੇ ਉਨ੍ਹਾਂ ਨੇ ਉਸ ਦੀ ਪਤਨੀ ਤੇ ਘਰ ਵਿੱਚ ਕੰਮ ਕਰਦੀ ਨੌਕਰਾਣੀ ਨੂੰ ਕਮਰੇ ਵਿੱਚ ਬੰਦ ਕਰ ਦਿੱਤਾ। ਲੁਟੇਰੇ ਕਾਫੀ ਦੇਰ ਘਰ ਦੇ ਅੰਦਰ ਰਹੇ। ਉਨ੍ਹਾ ਦੀ ਗਲੀ ਵਿੱਚ ਆਉਂਦਿਆਂ-ਜਾਂਦਿਆਂ ਦੀ ਫੁਟੇਜ ਥੋੜ੍ਹੀ ਦੂਰਇੱਕ ਘਰ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਵਿੱਚ ਆ ਗਈ ਹੈ।

ਲਵਲੀ ਜੈਨ ਤੇ ਉਸ ਦੀ ਪਤਨੀ ਨੇ ਦੱਸਿਆ ਕਿ ਦਿਨੇ ਕਰੀਬ ਡੇਢ ਵਜੇ ਘਰ ਦੇ ਬਾਹਰ ਕਿਸੇ ਨੇ ਘੰਟੀ ਵਜਾਈ। ਘਰ ਦੀ ਨੌਕਰਾਣੀ ਨੇ ਪੁੱਛਿਆ ਤਾਂ ਉਨ੍ਹਾਂ ਨੇ ਨੈਟ ਠੀਕ ਕਰਨ ਦੀ ਗੱਲ ਕਹੀ। ਗੇਟ ਖੋਲ੍ਹਦੇ ਸਾਰਉਹ ਧੱਕਾ ਦੇ ਕੇ ਅੰਦਰ ਆ ਗਏ ਅਤੇ ਘਰ ਦੀ ਮਾਲਕਣ ਨੂੰ ਪਿਸਤੌਲ ਦਿਖਾ ਕੇ ਅਲਮਾਰੀ ਦੀ ਚਾਬੀ ਮੰਗੀ। ਮਨ੍ਹਾ ਕਰਨ ਉੱਤੇ ਉਸ ਨੂੰ ਕੱਪੜੇ ਨਾਲ ਬੰਨ੍ਹ ਦਿੱਤਾ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਨਾਲ ਨੌਕਰਾਣੀ ਨੂੰ ਦੂਸਰੇ ਕਮਰੇ ਵਿੱਚ ਲੈ ਗਏ ਤੇ ਉਸ ਕੋਲੋਂ ਚਾਬੀ ਬਾਰੇ ਪੁੱਛਣ ਲੱਗੇ। ਉਸ ਨੂੰ ਵੀ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਦੂਸਰੇ ਕਮਰੇ ਵਿੱਚ ਬੰਦ ਕਰ ਦਿੱਤਾ। ਇਸ ਪਿੱਛੋਂ ਲੁਟੇਰਿਆਂ ਨੇ ਘਰ ਦੀ ਮਾਲਕਣ ਨੂੰ ਕਿਰਚ ਦਿਖਾ ਕੇ ਕੁੱਟਣਾ ਸ਼ੁਰੂ ਕਰ ਦਿੱਤਾ। ਤਾਂ ਉਸ ਨੇ ਅਲਮਾਰੀ ਦੀਆਂ ਚਾਬੀਆਂ ਦੇ ਬਾਰੇ ਦੱਸ ਦਿੱਤਾ, ਜਿਸ ਪਿੱਛੋਂ ਉਹ ਲੁੱਟ ਕਰ ਕੇ ਫਰਾਰ ਹੋ ਗਏ।


Steinmetz & Associates

PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga

2 OFFICES TO SERVE YOU

55 St. Clair Ave., West, Toronto

email: bsidhu@steinmetzlawyers.ca website: www.steinmetzlawyers.ca


# ਪਾਣੀ ਡੂੰਘੇ ਹੋਣ ਕਾਰਨ ਪੰਜਾਬ ਦੇ ਇੱਕ ਲੱਖ ਕਿਸਾਨਾਂ ਨੇ ਬਿਜਲੀ ਦੇ ਲੋਡ ਵਧਾਏ



## * ਫੀਸ ਘਟਾਉਣ ਨਾਲ ਕਿਸਾਨਾਂ ਨੂੰ ਇੱਕ ਸੌ ਕਰੋੜ ਰੁਪਏ ਦੀ ਬੱਚਤ

ਚੰਡੀਗੜ੍ਹ, 17 ਜੁਲਾਈ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਬਿਜਲੀ ਲੋਡ ਵਧਾਉਣ ਦੀ ਫੀਸ ਘਟਾਉਣ ਮਗਰੋਂ ਇਸ ਰਾਜ ਦੇ ਲਗਭਗ ਇੱਕ ਲੱਖ ਕਿਸਾਨਾਂ ਨੇ ਖੇਤੀ ਮੋਟਰਾਂ ਦਾ ਬਿਜਲੀ ਲੋਡ ਵਧਾਇਆ ਹੈ। ਇਸ ਰੁਝਾਨ ਤੋਂ ਸਪੱਸ਼ਟ ਹੈ ਕਿ ਮਾਲਵਾ ਖਿੱਤੇ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ। ਇਸ ਖਿੱਤੇ ਦੇ ਬਹੁਤੇ ਬਲਾਕ ਡਾਰਕ ਜ਼ੋਨ ਐਲਾਨੇ ਜਾ ਚੁੱਕੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਬਿਜਲੀ ਲੋਡ ਵਧਾਉਣ ਦੀ ਫੀਸ 4750 ਰੁਪਏ ਤੋਂ ਘਟਾ ਕੇ 2500 ਰੁਪਏ ਪ੍ਰਤੀ ਹਾਰਸ ਪਾਵਰ ਕਰਨ ਦਾ ਐਲਾਨ ਕੀਤਾ ਸੀ ਅਤੇ ਬਿਜਲੀ ਲੋਡ ਵਧਾਏ ਜਾਣ ਦੀ ਆਖਰੀ ਤਰੀਕ 24 ਜੁਲਾਈ ਐਲਾਨੀ ਗਈ ਹੈ, ਜਿਸ ਦਾ ਆਮ ਕਿਸਾਨ ਲਾਭ ਲੈ ਰਹੇ ਹਨ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੇ 1.03 ਲੱਖ ਕਿਸਾਨਾਂ ਨੇ ਖੇਤੀ ਮੋਟਰਾਂ ਦਾ ਬਿਜਲੀ ਲੋਡ ਵਧਾਇਆ ਅਤੇ ਪਾਵਰਕਾਮ ਨੂੰ ਇਸ ਦੀ ਫੀਸ ਵਜੋਂ 116 ਕਰੋੜ ਰੁਪਏ ਮਿਲੇ ਹਨ। ਏਦਾਂ ਫੀਸ ਘਟਾਉਣ ਨਾਲ ਕਿਸਾਨਾਂ ਨੂੰ ਲਗਭਗ ਇੱਕ 100 ਕਰੋੜ ਰੁਪਏ ਬੱਚਤ ਹੋਈ ਹੈ।ਪੰਜਾਬ ਦੇ ਮਾਲਵਾ ਖਿੱਤੇ ਵਿਚਲੇ ਪੱਛਮੀ ਜ਼ੋਨ ਦੇ ਚਾਰ ਸਰਕਲਾਂ ਫਰੀਦਕੋਟ, ਬਠਿੰਡਾ, ਫਿਰੋਜ਼ਪੁਰ ਤੇ ਮੁਕਤਸਰ ਵਿੱਚ ਸਭ ਤੋਂ ਵੱਧ 31,488 ਕਿਸਾਨਾਂ ਨੇ ਖੇਤੀ ਮੋਟਰਾਂ ਦਾ ਲੋਡ ਵਧਾਇਆ ਹੈ। ਦੂਜੇ ਨੰਬਰ ਉੱਤੇ ਦੱਖਣੀ ਜ਼ੋਨ ਦੇ ਸਰਕਲ ਪਟਿਆਲਾ, ਸੰਗਰੂਰ, ਬਰਨਾਲਾ, ਰੋਪੜ ਤੇ ਮੋਹਾਲੀ ਵਿੱਚ 21,319 ਕਿਸਾਨਾਂ ਨੇ ਖੇਤੀ ਮੋਟਰਾਂ ਦੇ ਲੋਡ ਵਧਾਏ ਹਨ। ਮਾਝੇ ਦੇ ਸਰਕਲ ਗੁਰਦਾਸਪੁਰ, ਅੰਮ੍ਰਿਤਸਰ ਤੇ ਤਰਨ ਤਾਰਨ ਦੇ 17,783 ਕਿਸਾਨਾਂ ਅਤੇ ਲੁਧਿਆਣਾ ਤੇ ਖੰਨਾ ਦੇ 14,754 ਕਿਸਾਨਾਂ ਨੇ ਖੇਤੀ ਮੋਟਰਾਂ ਦੇ ਲੋਡ ਵਧਾਏ ਹਨ। ਦੁਆਬੇ ਦੇ ਸਰਕਲ ਕਪੂਰਥਲਾ, ਜਲੰਧਰ, ਹੁਸ਼ਿਆਰਪੁਰ ਤੇ ਨਵਾਂ ਸ਼ਹਿਰ ਦੇ 17,434 ਕਿਸਾਨਾਂ ਨੇ ਖੇਤੀ ਮੋਟਰਾਂ ਦਾ ਲੋਡ ਵਧਾਇਆ ਹੈ।

ਮਾਲਵਾ ਖਿੱਤੇ ਦੇ ਕਿਸਾਨ ਬਿਜਲੀ ਲੋਡ ਵਧਾਉਣ ਲਈਸਭ ਤੋਂ ਅੱਗੇ ਹਨ, ਜਿਸ ਦਾ ਵੱਡਾ ਕਾਰਨ ਧਰਤੀ ਹੇਠਲੇ ਪਾਣੀ ਦਾ ਡੂੰਘਾ ਹੋਣਾ ਹੈ। ਆਮ ਤੌਰ ਉੱਤੇ ਲੋਕ ਆਪਣੇ ਪੱਧਰ ਉੱਤੇ ਵੱਧ ਹਾਰਸ ਪਾਵਰ ਦੀਆਂ ਮੋਟਰਾਂ ਲਾ ਲੈਂਦੇ ਹਨ ਅਤੇ ਟਰਾਂਸਫਾਰਮਰ ਘੱਟ ਸਮਰੱਥਾ ਵਾਲੇ ਹੋਣ ਕਾਰਨ ਟਰਾਂਸਫਾਰਮਰ ਸੜਦੇ ਹਨ। 2019 ਵਿੱਚ ਵੀ ਜਦੋਂ ਬਿਜਲੀ ਲੋਡ ਵਧਾਉਣ ਦੀ ਫੀਸ ਘਟਾਈ ਸੀ ਤਾਂ 99 ਹਜ਼ਾਰ ਕਿਸਾਨਾਂ ਨੇ ਮੋਟਰਾਂ ਦੇ ਲੋਡ ਵਧਾਏ ਸਨ।ਫੀਸ ਘਟਾਉਣ ਮਗਰੋਂ ਖੇਤੀ ਮੋਟਰਾਂ ਦੇ 4.30 ਲੱਖ ਹਾਰਸ ਪਾਵਰ ਦਾ ਵਾਧਾ ਕੀਤਾ ਗਿਆ ਹੈ। ਕਰੀਬ 25 ਹਜ਼ਾਰ ਟਰਾਂਸਫਾਰਮਰ ਬਦਲਣ ਦਾ ਟੀਚਾ ਹੈ, ਜਿਨ੍ਹਾਂ ਵਿੱਚੋਂ ਨੌਂ ਹਜ਼ਾਰ ਟਰਾਂਸਫਾਰਮਰ ਬਦਲੇ ਜਾ ਚੁੱਕੇ ਹਨ।ਸਰਕਾਰੀ ਸੂਤਰਾਂ ਮੁਤਾਬਕ ਜਿੱਥੇ ਲੋਡ ਵਧਾਉਣ ਨਾਲ ਕਿਸਾਨਾਂ ਨੂੰ ਲਾਭ ਹੋਵਗਾ, ਉਥੇ ਪਾਵਰਕਾਮ ਦੇ ਟਰਾਂਸਫਾਰਮਰ ਸੜਨ ਦੀ ਦਰ ਵੀ ਘਟੇਗੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਹ ਤਸੱਲੀ ਵਾਲੀ ਗੱਲ ਹੈ ਕਿ ਕਰੀਬ ਇੱਕ ਲੱਖ ਕਿਸਾਨਾਂ ਨੇ ਸਕੀਮ ਦਾ ਲਾਭ ਲਿਆ ਹੈ ਤੇ ਖੇਤੀ ਨੂੰ ਲਾਹੇਵੰਦਾਂ ਬਣਾਉਣ ਲਈ ਸਰਕਾਰ ਇਹ ਯਤਨ ਜਾਰੀ ਰੱਖੇਗੀ। ਉਨ੍ਹਾਂ ਕਿਹਾ ਆਮ ਤੌਰ ਉੱਤੇ ਪਹਿਲਾਂ ਕਿਸਾਨਾਂ ਨੂੰ ਖੇਤੀ ਮੋਟਰਾਂ ਦਾ ਲੋਡ ਵਧਾਉਣ ਲਈ ਫੀਸ ਦੇ ਭੁਗਤਾਨ ਵਿੱਚ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਜਿਸ ਕਰ ਕੇ ਫੀਸ ਘਟਾਉਣ ਦਾ ਫੈਸਲਾ ਲਿਆ ਸੀ।

# ਸੰਤ ਅਤਰ ਸਿੰਘ ਮਸਤੂਆਣਾ ਟਰੱਸਟ ਨੇ ਪੰਜਾਬ ਸਰਕਾਰ ਨੂੰ ਕਾਲਜ ਲਈ ਜ਼ਮੀਨ ਤੋਹਫੇ ਵਜੋਂ ਦਿੱਤੀ

## * ਸ਼੍ਰੋਮਣੀ ਕਮੇਟੀ ਚੁਣੌਤੀ ਦੇਣ ਲਈ ਹਾਈ ਕੋਰਟ ਜਾ ਪੁੱਜੀ

ਚੰਡੀਗੜ੍ਹ, 17 ਜੁਲਾਈ (ਪੋਸਟ ਬਿਊਰੋ)- ਸੰਤ ਅਤਰ ਸਿੰਘ ਗੁਰਸਾਗਰ ਟਰੱਸਟ ਮਸਤੂਆਣਾ ਸਾਹਿਬ ਦੇ ਪ੍ਰਬੰਧਕਾਂ ਦਾ ਇੱਕ ਵਾਰ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਛਿੜ ਗਿਆ ਹੈ।

ਅਸਲ ਵਿੱਚ ਟਰੱਸਟ ਨੇ ਗੁਰਦੁਆਰਾ ਅੰਗੀਠਾ ਸਾਹਿਬ ਨਾਲ ਸਬੰਧਤ 137 ਕਨਾਲ 18 ਮਰਲੇ ਜ਼ਮੀਨ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਮੈਡੀਕਲ ਕਾਲਜ ਬਣਾਉਣ ਲਈ 23 ਮਈ ਨੂੰ ਤੋਹਫੇ ਵਜੋਂ ਦੇ ਦਿੱਤੀ ਹੈ ਤੇ ਸ਼੍ਰੋਮਣੀ ਕਮੇਟੀ ਨੇ ਇਸ ਗਿਫਟ ਡੀਡ ਨੂੰ ਹਾਈ ਕੋਰਟ ਵਿੱਚ ਚੁਣੌਤੀ ਦੇ ਕੇ ਇਸ ਡੀਡ ਰੱਦ ਕਰਨ ਉੱਤੇ ਅਰਜ਼ੀ ਦੇ ਕੇ ਸੁਣਵਾਈ ਹੋਣ ਤਕ ਡੀਡ ਨੂੰ ਲਾਗੂ ਕਰਨ ਉੱਤੇ ਰੋਕ ਲਾਉਣ ਦੀ ਮੰਗ ਕੀਤੀ ਹੈ। ਹਾਈ ਕੋਰਟ ਨੇ ਪ੍ਰਬੰਧਕ ਕਮੇਟੀ ਨੂੰ ਨੋਟਿਸ ਜਾਰੀ ਕਰ ਕੇ ਪੁੱਛਿਆ ਹੈ ਕਿ ਕਿਉਂ ਨਾ ਡੀਡ ਉੱਤੇ ਰੋਕ ਲਾ ਦਿੱਤੀ ਜਾਵੇ। ਸ਼੍ਰੋਮਣੀ ਕਮੇਟੀ ਨੇ ਇਸ ਬਾਰੇ ਅਰਜ਼ੀ ਟਰੱਸਟ ਵੱਲੋਂ ਪਹਿਲਾਂ ਤੋਂ ਹਾਈ ਕੋਰਟ ਵਿੱਚ ਕੀਤੇ ਹੋਏ ਇੱਕ ਕੇਸ ਦੇ ਸੰਬੰਧ ਵਿੱਚ ਦਾਖਲ ਕੀਤੀ ਹੈ।

ਸਾਲ 1966 ਵਿੱਚ ਗੁਰਦੁਆਰਾ ਮਸਤੂਆਣਾ ਸਾਹਿਬ ਨੂੰ ਸ਼੍ਰੋਮਣੀ ਕਮੇਟੀ ਦੇਹੇਠ ਲਿਆਉਣ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ। ਇਸ ਨਾਲ ਇਹ ਗੁਰਦੁਆਰਾ ਸਿੱਖ ਗੁਰਦੁਆਰਾ ਐਕਟ ਹੇਠ ਆ ਗਿਆ ਸੀ ਅਤੇ ਕਾਨੂੰਨਨ ਇਸ ਦੇ ਪ੍ਰਬੰਧ ਦੇ ਅਧਿਕਾਰ ਰੱਖਣ ਵਾਲੀ ਸ਼੍ਰੋਮਣੀ ਕਮੇਟੀ ਦਾ ਦਾਅਵਾ ਹੈ ਕਿ ਜੇ ਮਸਤੂਆਣਾ ਗੁਰਦੁਆਰਾ ਸਿੱਖ ਗੁਰਦੁਆਰਾ ਸੂਚੀ ਵਾਲਾ ਹੈ ਤਾਂ ਗੁਰਦੁਆਰੇ ਵਾਲੀ ਜ਼ਮੀਨ ਦੇ ਅਧਿਕਾਰ ਵੀ ਸ਼੍ਰੋਮਣੀ ਕਮੇਟੀ ਕੋਲ ਹਨ। ਦੂਸਰੇ ਪਾਸੇਗੁਰਦੁਆਰਾ ਮਸਤੂਆਣਾ ਸਾਹਿਬ ਨੂੰ ਸਿੱਖ ਗੁਰਦੁਆਰਾ ਸੂਚੀ ਵਿੱਚ ਸ਼ਾਮਲ ਕਰਨ ਦਾ ਨੋਟੀਫਿਕੇਸ਼ਨ ਜਾਰੀ ਹੋਣ ਨੂੰ ਟਰੱਸਟ ਨੇ ਸਿੱਖ ਗੁਰਦੁਆਰਾ ਟ੍ਰਿਬਿਊਨਲ ਕੋਲ ਚੁਣੌਤੀ ਦਿੱਤੀ ਸੀ, ਜਿੱਥੋਂ ਕੇਸ ਸ਼੍ਰੋਮਣੀ ਕਮੇਟੀ ਦੇ ਹੱਕ ਵਿੱਚ ਹੋ ਗਿਆ ਸੀ ਅਤੇ ਟਰੱਸਟ ਨੇ ਸਿੱਖ ਗੁਰਦੁਆਰਾ ਟ੍ਰਿਬਿਊਨਲ ਦੇ ਫੈਸਲੇ ਵਿਰੁੱਧ ਹਾਈ ਕੋਰਟ ਨੂੰ ਅਪੀਲ ਕੀਤੀ ਅਤੇ ਹਾਈ ਕੋਰਟ ਨੇ ਟ੍ਰਿਬਿਊਨਲ ਦੇ ਫੈਸਲੇ ਉੱਤੇ ਰੋਕ ਲਾ ਕੇ ਕੇਸ ਦਾਖਲ ਕਰ ਲਿਆ ਸੀ। ਇਸੇ ਦੌਰਾਨ ਟਰੱਸਟ ਨੇ ਕਾਲਜ ਲਈ ਪੰਜਾਬਸਰਕਾਰ ਨੂੰ ਜ਼ਮੀਨ ਤੋਹਫੇ ਵਜੋਂ ਦੇ ਦਿੱਤੀ ਤਾਂ ਸ਼੍ਰੋਮਣੀ ਕਮੇਟੀ ਨੇ ਡੀਡ ਰੱਦ ਕਰਨ ਲਈ ਹਾਈ ਕੋਰਟ ਵਿੱਚ ਟਰੱਸਟ ਵੱਲੋਂ ਪਹਿਲਾਂ ਚੱਲਦੇ ਕੇਸ ਵਿੱਚ ਅਰਜ਼ੀ ਪੇਸ਼ ਕੀਤੀ ਹੈ ਤੇ ਹਾਈ ਕੋਰਟ ਨੇ ਟਰੱਸਟ ਤੋਂ ਜਵਾਬ ਮੰਗ ਲਿਆ ਹੈ।

# ਮੈਕਸੀਕੋ ਵਿੱਚ ਪ੍ਰਮੁੱਖ ਨਸ਼ਾ ਤਸਕਰ ਕੁਇੰਟੇਰੋ ਗ੍ਰਿਫਤਾਰ



ਮੈਕਸੀਕੋ ਸਿਟੀ, 17 ਜੁਲਾਈ (ਪੋਸਟ ਬਿਊਰੋ)- ਡਰੱਗ ਸਮੱਗਲਰ ਲਾਰਡ ਰਾਫੇਲ ਕੈਰੋ ਕੁਇੰਟੇਰੋ ਨੂੰ ਮੈਕਸੀਕੋ ਵਿੱਚ ਗ੍ਰਿਫਤਾਰ ਕੀਤਾ ਗਿਆ, ਪਰ ਉਸ ਦੀ ਗ੍ਰਿਫਤਾਰੀ ਦੀ ਕਾਰਵਾਈ ਦੌਰਾਨ ਇੱਕ ਹੈਲੀਕਾਪਟਰ ਕਰੈਸ਼ ਹੋ ਗਿਆ ਤੇ ਜਹਾਜ਼ ਵਿੱਚ ਸਵਾਰ 15 ਲੋਕਾਂ ਵਿੱਚੋਂ 14 ਦੀ ਮੌਤ ਹੋ ਗਈ ਹੈ। ਮੈਕਸੀਕਨ ਨੇਵੀ ਦੇ ਬਿਆਨ ਦੇ ਅਨੁਸਾਰ ਕੁਇੰਟੇਰੋ ਨੂੰ ਸ਼ੁੱਕਰਵਾਰ ਸਿਨਾਲੋਆ ਰਾਜ ਦੇ ਸੈਨ ਸਿਮੋਨ ਸ਼ਹਿਰ ਤੋਂ ਫੜਿਆ ਸੀ। ਉਹ ਝਾੜੀਆਂ ਵਿੱਚ ਲੁਕਿਆ ਸੀ। ਉਸ ਨੂੰ ਮੈਕਸ ਨਾਂਅ ਦੇ ਸੁੰਘਣ ਵਾਲੇ ਕੁੱਤੇ ਦੀ ਮਦਦ ਨਾਲ ਫੜਿਆ ਸੀ। ਉਸ ਦੀ ਗ੍ਰਿਫਤਾਰੀ ਸਮੁੰਦਰੀ ਫੌਜ ਅਤੇ ਅਟਾਰਨੀ ਜਨਰਲ ਦਫਤਰ ਦੇ ਸਾਂਝੇ ਆਪਰੇਸ਼ਨ ਦੌਰਾਨ ਹੋਈ ਸੀ। ਨੇਵੀ ਨੇ ਕਿਹਾ ਕਿ ਆਪਰੇਸ਼ਨ ਦੌਰਾਨ ਇੱਕ ਬਲੈਕਹਾਕ ਹੈਲੀਕਪਟਰ ਸ਼ਹਿਰ ਲਾਸ ਮੋਚਿਸ ਵਿੱਚ ਕਰੈਸ਼ ਹੋ ਗਿਆ।

ਇਸ ਬਾਰੇ ਮੈਕਸੀਕੋ ਦੇ ਰਾਸ਼ਟਰਪਤੀ ਐਂਡਰੇਸ ਮੈਨੁਅਲ ਲੋਪੇਜ਼ ਓਬਰਾਡੋਰ ਨੇ ਟਵਿੱਟਰ ਉੱਤੇ ਦੱਸਿਆ ਕਿ ਨੇਵੀ ਹੈਲੀਕਾਪਟਰ ਹਾਦਸੇ ਦੇ ਕਾਰਨਾਂ ਦੀ ਜਾਂਚ ਕਰੇਗੀ। ਇਸ ਹੈਲੀਕਾਪਟਰ ਉੱਤੇ ਫੌਜੀ ਜਵਾਨ ਇਸ ਆਪਰੇਸ਼ਨ ਵਿੱਚ ਮਦਦ ਕਰ ਰਹੇ ਸਨ।ਇੱਕ ਅਧਿਕਾਰੀ ਮੁਤਾਬਕ ਇਹ ਗ੍ਰਿਫਤਾਰੀ ਅਮਰੀਕਾ ਦੇ ਦਬਾਅ ਹੇਠ ਹੋਈ ਹੈ। ਕੁਇੰਟੇਰੋ (69) ਨੂੰ 1985 ਵਿੱਚ ਯੂ ਐਸ ਡਰੱਗਜ਼ ਇਨਫੋਰਸਮੈਂਟ ਡਾਇਰੈਕਟੋਰੇਟ ਐਡਮਨਿਸਟਰੇਸ਼ਨ ਏਜੰਟ ਐਨਰਿਕ ਕੈਮਰਨ ਦੇ ਅਗਵਾ ਤੇ ਕਤਲ ਦੇ ਦੋਸ਼ ਵਿੱਚ ਚਾਲੀ ਸਾਲ ਸਜ਼ਾ ਸੁਣਾਈ ਗਈ ਸੀ। ਉਸ ਨੂੰ 28 ਸਾਲ ਜੇਲ੍ਹ ਵਿੱਚ ਬਿਤਾਉਣ ਮਗਰੋਂ 2013 ਵਿੱਚ ਛੱਡਿਆ ਗਿਆ ਸੀ। ਇਸ ਪਿੱਛੋਂ ਉਹ ਫਿਰ ਨਸ਼ੇ ਦੇ ਕਾਰੋਬਾਰ ਵਿੱਚ ਸਰਗਰਮ ਹੋ ਗਿਆ। ਉਹ ਖਤਰਨਾਕ ਗੈਂਗ ਗੁਆਡਾਲਜਾਰਾ ਕਾਰਟੇਲ ਦਾ ਸਰਗਨਾ ਸੀ ਅਤੇ ਅਮਰੀਕੀ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਐਫ ਬੀ ਆਈ ਦੀ ਮੋਸਟ ਵਾਂਟਿਡ ਸੂਚੀ ਵਿੱਚਸੀ ਅਤੇ ਉਸ ਉੱਤੇ ਤੀਹ ਮਿਲੀਅਨ ਡਾਲਰ ਦਾ ਇਨਾਮ ਸੀ।

# ਟਰੰਪ ਦੀ ਪਹਿਲੀ ਪਤਨੀ ਦੀ ਮੌਤ ਸੱਟ ਲੱਗਣ ਕਾਰਨ ਹੋਈ



ਨਿਊ ਯਾਰਕ, 17 ਜੁਲਾਈ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪਹਿਲੀ ਪਤਨੀ ਇਵਾਨਾ ਟਰੰਪ ਦੀ ਮੌਤ ਸਰੀਰ ਉੱਤੇ ਸੱਟ ਲੱਗਣ ਕਾਰਨ ਹੋਈ ਹੈ। ਨਿਊ ਯਾਰਕ ਸ਼ਹਿਰ ਦੇ ਮੈਡੀਕਲ ਸੁਪਰਡੈਂਟ ਦੇ ਦਫਤਰ ਅਤੇ ਜਾਣਕਾਰ ਸੂਤਰਾਂ ਨੇ ਦੱਸਿਆ ਕਿ ਪੁਲਸ ਇਹ ਜਾਂਚ ਕਰ ਰਹੀ ਹੈ ਕਿ ਕੀ ਉਸ ਦੀ ਮੌਤ ਪੌੜੀਆਂ ਤੋਂ ਡਿੱਗਣ ਕਾਰਨ ਹੋਈ ਸੀ। ਮੈਡੀਕਲ ਸੁਪਰਡੈਂਟ ਦੀ ਸੰਖੇਪ ਰਿਪੋਰਟ ਵਿੱਚ ਇਹ ਨਹੀਂ ਦੱਸਿਆ ਗਿਆ ਕਿ ਦੁਰਘਟਨਾ ਕਦੋਂ ਹੋਈ। ਡੋਨਾਲਡ ਟਰੰਪ ਨੇ ਵੀਰਵਾਰ ਨੂੰ ਦੱਸਿਆ ਸੀ ਕਿ ਇਵਾਨਾ ਦਾ ਮੈਨਹਟਨ ਦੇ ਅਪਰ ਈਸਟ ਸਾਈਡ ਵਿੱਚ ਸੈਂਟਰਲ ਪਾਰਕ ਨੇੜੇ ਉਨ੍ਹਾਂ ਦੇ ਘਰ ਵਿੱਚ ਦਿਹਾਂਤ ਹੋ ਗਿਆ। ਉਹ 73 ਸਾਲ ਦੀ ਸੀ। ਟਰੰਪ ਜੋੜਾ 1980 ਦੇ ਦੌਰ ਵਿੱਚ ਨਿਊ ਯਾਰਕ ਦਾਪ੍ਰਮੁੱਖ ਜੋੜਾ ਸੀ। ਬਾਅਦ ਵਿੱਚ ਦੋਵਾਂ ਦਾ ਤਲਾਕ ਹੋ ਗਿਆ ਸੀ, ਜਿਸ ਪਿੱਛੋਂ ਡੋਨਾਲਡ ਟਰੰਪ ਨੇ ਮਾਰਲਾ ਮੈਪਲਸ ਨਾਲ ਵਿਆਹ ਕੀਤਾ ਸੀ।

# ਤਿੱਖੀ ਗਰਮੀ ਦੀ ਮਾਰ ਹੇਠ ਯੂਰਪ, ਫਰਾਂਸ ਤੇ ਸਪੇਨ ਦੇ ਜੰਗਲ ਸੜਨ ਲੱਗੇ

## * ਹਜ਼ਾਰਾਂ ਲੋਕਾਂ ਨੂੰ ਸੁਰੱਖਿਅਤ ਥਾਈਂ ਪੁਚਾਇਆ ਗਿਆ



ਪੈਰਿਸ, 17 ਜੁਲਾਈ (ਪੋਸਟ ਬਿਊਰੋ)- ਯੂਰਪ ਇਸ ਸਮੇਂ ਤਿੱਖੀ ਗਰਮੀ ਦੀ ਲਪੇਟ ਵਿਚ ਹੈ। ਦੱਖਣੀ ਪੱਛਮੀ ਫਰਾਂਸ ਤੇ ਸਪੇਨ ਵਿੱਚ ਕੱਲ੍ਹ ਜੰਗਲ ਦੀ ਅੱਗ ਭੜਕ ਜਾਣ ਕਾਰਨ ਹਜ਼ਾਰਾਂ ਲੋਕਾਂ ਨੂੰ ਆਪਣੇ ਘਰਾਂਤੋਂ ਨਿਕਲਣ ਲਈ ਮਜਬੂਰ ਹੋਣਾ ਪਿਆ। ਬ੍ਰਿਟੇਨ ਵਿੱਚ ਪਹਿਲੀ ਵਾਰ ਅੱਤ ਦੀ ਗਰਮੀ ਬਾਰੇ ਰੈਡ ਵਾਰਨਿੰਗ ਜਾਰੀ ਕੀਤੀ ਗਈਹੈ।

ਫਰਾਂਸ ਦੇ ਅਫਸਰਾਂ ਨੇ ਦੱਸਿਆ ਕਿ ਜੰਗਲ ਵਿੱਚ ਫੈਲੀ ਅੱਗ ਕਾਰਨ 14 ਹਜ਼ਾਰ ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਈਂ ਭੇਜਿਆ ਗਿਆ ਹੈ। ਇਹ ਅੱਗ ਗਿਰੋਂਡੇ ਖੇਤਰ ਵਿੱਚ ਲੱਗੀ ਹੈ। ਫਾਇਰ ਬ੍ਰਿਗੇਡ ਦੇ ਇੱਕ ਹਜ਼ਾਰ ਤੋਂ ਵੱਧ ਜਵਾਨ ਅੱਗ ਉੱਤੇ ਕਾਬੂ ਪਾਉਣ ਲੱਗੇ ਹੋਏ ਹਨ। ਬੀਤੇ ਹਫਤਿਆਂ ਵਿੱਚ ਫਰਾਂਸ ਦੇ ਨਾਲ ਪੁਰਤਗਾਲ ਅਤੇ ਸਪੇਨ ਸਮੇਤ ਹੋਰਨਾਂ ਯੂਰਪੀ ਦੇਸ਼ਾਂ ਵਿੱਚ ਜੰਗਲ ਦੀ ਅੱਗ ਫੈਲ ਗਈ ਹੈ। ਫਰਾਂਸ ਵਿੱਚ ਜੰਗਲ ਦੀ ਅੱਗ ਤੇਜ਼ੀ ਨਾਲ ਫੈਲੀ ਹੈ। ਸ਼ੁੱਕਰਵਾਰ ਨੂੰ ਇਹ 7300 ਹੈਕਟੇਅਰ ਵਿੱਚ ਸੀ, ਜੋਸ਼ਨੀਵਾਰ ਲਗਭਗ 10,000 ਹੈਕਟੇਅਰ ਤਕ ਫੈਲ ਗਈ। ਹੀਟਵੇਵ ਕਾਰਨ 350 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਚੁੱਕੀ ਹੈ। ਪੁਰਤਗਾਲ ਵਿੱਚ ਵੀ ਗਰਮੀ ਨਾਲ ਬੁਰਾ ਹਾਲ ਹੈ। ਵਿੱਚ ਸੱਤ ਤੋਂ 13 ਜੁਲਾਈ ਦਰਮਿਆਨ ਲੂ ਚੱਲਣ ਕਾਰਨ 238 ਲੋਕਾਂ ਦੀ ਮੌਤ ਹੋਈ ਹੈ। ਇਨ੍ਹਾਂ ਵਿੱਚੋਂ ਬਹੁਤੇ ਬਜ਼ੁਰਗ ਸਨ।

# ਸਿਰਫ ਨੀਲਮ ਸੰਜੀਵਾ ਰੈਡੀ ਬਿਨਾਂ ਮੁਕਾਬਲਾ ਰਾਸ਼ਟਰਪਤੀ ਬਣੇ ਸਨ



ਨਵੀਂ ਦਿੱਲੀ, 17 ਜੁਲਾਈ (ਪੋਸਟ ਬਿਊਰੋ)- ਭਾਰਤ ਦੇ ਸੱਤਵੇਂ ਰਾਸ਼ਟਰਪਤੀ ਨੀਲਮ ਸੰਜੀਵਾ ਰੈਡੀ ਇਤਿਹਾਸ ਵਿੱਚ ਇਸ ਚੋਟੀ ਦੇ ਅਹੁਦੇ ਲਈ ਬਿਨਾਂ ਮੁਕਾਬਲਾ ਚੁਣੇ ਜਾਣ ਵਲੇ ਇੱਕੋ-ਇੱਕ ਰਾਸ਼ਟਰਪਤੀ ਸਨ। ਉਹ ਸਾਲ 1977 ਵਿੱਚ ਫਖਰੂਦੀਨ ਅਲੀ ਅਹਿਮਦ ਦੇ ਦਿਹਾਂਤ ਪਿੱਛੋਂ ਰਾਸ਼ਟਰਪਤੀ ਬਣੇ ਸਨ।

ਵਰਨਣ ਯੋਗ ਹੈ ਕਿ ਅਹਿਮਦ ਦਾ ਦਿਹਾਂਤ 11 ਫਰਵਰੀ 1977 ਨੂੰ ਹੋਇਆ ਸੀ। ਉਸ ਤੋਂ ਇੱਕ ਦਿਨ ਪਹਿਲਾਂ ਤੇ ਐਮਰਜੈਂਸੀ ਦੇ ਦੋ ਸਾਲ ਬਾਅਦ ਲੋਕ ਸਭਾ ਚੋਣਾਂ ਹੋਈਆਂ ਸਨ। ਓਦੋਂ ਉਪ ਰਾਸ਼ਟਰਪਤੀ ਬੀ ਡੀ ਜਤੀ ਨੂੰ ਕਾਰਜਕਾਰੀ ਰਾਸ਼ਟਰਪਤੀ ਬਣਇਆ ਗਿਆ ਸੀ। ਉਸ ਸਾਲ ਜੂਨ ਤੇ ਜੁਲਾਈ ਵਿੱਚ 11 ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਈਆਂ ਸਨ। ਓਦੋਂ ਰਾਸ਼ਟਰਪਤੀ ਚੋਣ ਲਈ ਨੋਟੀਫਿਕੇਸ਼ਨ ਚਾਰ ਜੁਲਾਈ ਨੂੰ ਜਾਰੀ ਹੋਇਆ ਸੀ। ਲੋਕ ਸਭਾ ਦੇ 524 ਨਵੇਂ ਚੁਣੇ ਪਾਰਲੀਮੈਂਟ ਮੈਂਬਰ, ਰਾਜ ਸਭਾ ਦੇ 232 ਮੈਂਬਰ ਅਤੇ 22 ਵਿਧਾਨ ਸਭਾਵਾਂ ਦੇ ਵਿਧਾਇਕ ਰਾਸ਼ਟਰਪਤੀ ਚੋਣ ਲਈ ਵੋਟ ਨਹੀਂ ਪਾ ਸਕੇ ਸਨ, ਕਿਉਂਕਿ ਰੈਡੀ ਮੁਕਾਬਲੇ ਵਿੱਚ ਇੱਕੋ-ਇੱਕ ਉਮੀਦਵਾਰ ਸਨ। 36 ਹੋਰ ਉਮੀਦਵਾਰਾਂ ਦੇ ਨਾਮਜ਼ਦਗੀ ਕਾਗਜ਼ ਰੱਦ ਹੋ ਗਏ ਸਨ। ਇਹ ਚੋਣ ਭਾਵੇਂ ਬੇਮਿਸਾਲ ਹਾਲਾਤ ਵਿੱਚ ਹੋਈ ਸੀ, ਪਰ ਸਭ ਤੋਂ ਦਿਲਚਸਪ ਚੋਣ 1969 ਵਿੱਚ ਹੋਈ ਸੀ, ਜਦੋਂ ਕਾਂਗਰਸ ਦੇ ਅਧਿਕਾਰਤ ਉਮੀਦਵਾਰ ਨੀਲਮ ਸੰਜੀਵਾ ਰੈਡੀ ਨੂੰ ਵੀ ਵੀ ਗਿਰੀ ਨੇ ਹਰਾ ਦਿੱਤਾ ਸੀ। ਓਦੋਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪਾਰਟੀ ਵਿੱਚ ਆਪਣੇ ਵਿਰੋਧੀਆਂ ਨੂੰ ਖੂੰਜੇ ਲਾਉਣ ਲਈ ਆਤਮਾ ਦੀ ਆਵਾਜ਼ ਉੱਤੇ ਵੋਟ ਪਾਉਣ ਦਾ ਸੱਦਾ ਦੇ ਦਿੱਤਾ ਸੀ।

ਇੰਨੇ ਸਾਲਾਂ ਵਿੱਚ ਰਾਸ਼ਟਰਪਤੀ ਚੋਣ ਦੇ ਨਿਯਮਾਂ ਵਿੱਚ ਸੋਧ ਹੋਈ ਤਾਂ ਜੋ ਅਜਿਹੇ ਉਮੀਦਵਾਰਾਂ ਨੂੰ ਮੁਕਾਬਲੇ ਵਿੱਚ ਆਉਣ ਤੋਂ ਰੋਕਿਆ ਜਾ ਸਕੇ, ਜੋ ਆਪਣੀ ਉਮੀਦਵਾਰੀ ਬਾਰੇ ਗੰਭੀਰ ਨਾ ਹੋਣ ਅਤੇ ਜਿਨ੍ਹਾਂ ਦੇ ਚੁਣੇ ਜਾਣ ਦੀ ਆਸ ਨਾਂਹ ਦੇ ਬਰਾਬਰ ਹੋਵੇ। 1977 ਵਿੱਚ ਕੁੱਲ 37 ਉਮੀਦਵਾਰਾਂ ਨੇ ਕਾਗਜ਼ ਦਾਖਲ ਕੀਤੇ ਸਨ ਅਤੇ 36 ਦੇ ਰੱਦ ਹੋ ਗਏ ਸਨ।

# ਬਾਇਡੇਨ ਨੇ ਕਰਾਊਨ ਪ੍ਰਿੰਸ ਕੋਲ ਖਸ਼ੋਗੀ ਦੀ ਮੌਤ ਦਾ ਕੇਸ ਚੁੱਕਿਆ



ਜੇਦਾ, 17 ਜੁਲਾਈ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਨੇ ਦੱਸਿਆ ਕਿ ਉਨ੍ਹਾਂ ਨੇ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੇ ਨਾਲ ਸ਼ੁੱਕਰਵਾਰ ਦੀ ਬੈਠਕ ਵਿੱਚ ਪੱਤਰਕਾਰ ਜਮਾਲ ਖਸ਼ੋਗੀ ਦੀ ਸਾਲ 2018 ਵਿੱਚ ਹੋਈ ਹੱਤਿਆ ਦਾ ਮਾਮਲਾ ਉਠਾਇਆ। ਇਸ ਦੇ ਨਾਲ ਬਾਇਡੇਨ ਨੇ ਉਨ੍ਹਾਂ ਦੋਸ਼ਾਂ ਨੂੰ ਰੱਦ ਕਰ ਦਿੱਤਾ, ਜਿਸ ਵਿੱਚ ਕਿਹਾ ਜਾ ਰਿਹਾ ਸੀ ਕਿ ਅਹਿਮ ਕੂਟਨੀਤਕ ਸੰਬੰਧਾਂ ਦੀ ਬਹਾਲੀ ਲਈ ਉਹ ਸਾਊਦੀ ਅਰਬ ਵਿੱਚ ਮਨੁੱਖੀ ਅਧਿਕਾਰ ਉਲੰਘਣਾ ਦੇ ਮਾਮਲਿਆਂ ਨੂੰ ਨਜ਼ਰਅੰਦਾਜ਼ ਕਰ ਰਹੇ ਹਨ।

ਜੋਅ ਬਾਇਡੇਨ ਨੇ ਕਿਹਾ, ‘‘ਮੈਂ ਆਪਣੀਆਂ ਕਦਰਾਂ-ਕੀਮਤਾਂ ਦੇ ਲਈ ਹਮੇਸ਼ਾ ਖੜ੍ਹਾ ਰਹਾਂਗਾ।" ਉਨ੍ਹਾਂ ਨੇ ਕਿਹਾ, ‘‘ਕਰਾਊਨ ਪ੍ਰਿੰਸ ਨੇ ਦਾਅਵਾ ਕੀਤਾ ਕਿ ਉਹ ਨਿੱਜੀ ਤੌਰ ਉੱਤੇ ਉਸ ਹੱਤਿਆ ਲਈ ਜ਼ਿੰਮੇਵਾਰ ਨਹੀਂ ਹਨ। ਇਸ ਉੱਤੇ ਮੈਂ ਇਸ਼ਾਰਾ ਕੀਤਾ ਕਿ ਮੈਨੂੰ ਇਹ ਲੱਗਾ ਸੀ।" ਅਮਰੀਕੀ ਖੁਫੀਆ ਵਿਭਾਗ ਦਾ ਮੰਨਣਾ ਹੈ ਕਿ ਇੰਸਤਾਂਬੁਲ ਵਿਚਲੇ ਸਾਊਦੀ ਅਰਬ ਦੇ ਕੌਂਸਲੇਟ ਜਨਰਲ ਵਿੱਚ ਹੋਈ ਅਮਰੀਕਾ ਦੇ ਪੱਤਰਕਾਰ ਖਸ਼ੋਗੀ ਦੀ ਹੱਤਿਆ ਵਿੱਚ ਕਰਾਊਨ ਪ੍ਰਿੰਸ ਦਾ ਹੱਥ ਹੈ।

ਜੇਦਾ ਦੇ ਸ਼ਾਹੀ ਪੈਲੇਸ ਵਿੱਚ ਨੇਤਾਵਾਂ ਦੀ ਇਹ ਪਹਿਲੀ ਮੁਲਾਕਾਤ ਦੋਵਾਂ ਦੇਸ਼ਾਂ ਦੇ ਵਿੱਚ ਪੱਛਮੀ ਏਸ਼ੀਆ ਵਿੱਚ ਸੁਰੱਖਿਆ ਸਾਂਝੇਦਾਰੀ ਉੱਤੇ ਤੇਲ ਦਾ ਵਿਸ਼ਵ ਪ੍ਰਵਾਹ ਯਕੀਨੀ ਕਰ ਸਕਦੀ ਹੈ। ਬਾਇਡੇਨ ਨੇ ਐਲਾਨ ਕੀਤਾ ਕਿ ਸਾਲ ਦੇ ਅੰਤ ਤਕ ਅਮਰੀਕੀ ਸ਼ਾਂਤੀ ਸੈਨਿਕ ਲਾਲ ਸਾਗਰ ਸਥਿਤ ਤਿਰਾਨ ਟਾਪੂ ਛੱਡ ਦੇਣਗੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਯਮਨ ਵਿੱਚ ਜੰਗਬੰਦੀ ਦੀ ਕੋਸ਼ਿਸ਼ ਜਾਰੀ ਹੈ, ਜਿੱਥੇ ਸਾਊਦੀ ਅਰਬ ਈਰਾਨ ਸਮਰਥਕ ਕੱਟੜਪੰਥੀਆਂ ਦਾ ਸਾਹਮਣਾ ਕਰ ਰਿਹਾ ਹੈ। ਕਰਾਊਨ ਪ੍ਰਿੰਸ ਨੇ ਕਿਹਾ ਕਿ ਅਮਰੀਕਾ ਨੇ ਵੀ ਗਲਤੀਆਂ ਕੀਤੀਆਂ ਹਨ।

# ਆਈ ਟੀ ਬੀ ਪੀ ਨੇ ਤਿੰਨ ਜਵਾਨਾਂ ਨੂੰ ਗੋਲੀ ਮਾਰਨ ਮਗਰੋਂ ਖੁਦਕੁਸ਼ੀ ਕਰ ਲਈ



ਨਵੀਂ ਦਿੱਲੀ, 17 ਜੁਲਾਈ (ਪੋਸਟ ਬਿਊਰੋ)- ਜੰਮੂ ਕਸ਼ਮੀਰ ਦੇ ਊਧਮਪੁਰ ਜ਼ਿਲ੍ਹੇ ਦੇ ਇੱਕ ਕੈਂਪ ਵਿੱਚ ਭਾਰਤ-ਤਿੱਬਤ ਬਾਰਡਰ ਪੁਲਸ (ਆਈ ਟੀ ਬੀ ਪੀ) ਦੇ ਇੱਕ ਜਵਾਨ ਨੇ ਕੱਲ੍ਹ ਆਪਣੇ ਤਿੰਨ ਸਾਥੀਆਂ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ ਅਤੇ ਫਿਰ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਅਧਿਕਾਰੀਆਂ ਮੁਤਾਬਕ ਇਹ ਘਟਨਾ ਜ਼ਿਲ੍ਹੇ ਦੇ ਦੇਵਿਕਾ ਘਾਟ ਭਾਈਚਾਰਕ ਕੇਂਦਰ ਉੱਤੇ ਦੁਪਹਿਰੇ ਸਾਢੇ ਤਿੰਨ ਵਜੇ ਵਾਪਰੀ।

ਆਈ ਟੀ ਬੀ ਪੀ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਕਾਂਸਟੇਬਲ ਭੁਪਿੰਦਰ ਸਿੰਘ ਨੇ ਆਪਣੇ ਸਾਥੀਆਂ ਉੱਤੇ ਗੋਲੀਆਂ ਚਲਾਈਆਂ ਤਾਂ ਇੱਕ ਹੈਡ ਕਾਂਸਟੇਬਲ ਅਤੇ ਦੋ ਕਾਂਸਟੇਬਲ ਜ਼ਖਮੀ ਹੋ ਗਏ। ਉਨ੍ਹਾਂ ਤਿੰਨਾਂ ਨੂੰ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਹੈ ਅਤੇ ਉਹ ਖਤਰੇ ਤੋਂ ਬਾਹਰ ਦੱਸੇ ਗਏ ਹਨ।ਅਧਿਕਾਰੀ ਮੁਤਾਬਕ ਭੁਪਿੰਦਰ ਸਿੰਘ ਨੇ ਆਪਣੀ ਇੰਸਾਸ ਰਾਈਫਲ ਨਾਲ ਖੁਦ ਨੂੰ ਗੋਲੀ ਮਾਰੀ ਅਤੇ ਉਸ ਦੀ ਘਟਨਾ ਵਾਲੀ ਥਾਂਹੀ ਮੌਤ ਹੋ ਗਈ। ਉਹ ਆਈ ਟੀ ਬੀ ਪੀ ਦੀ ਅੱਠਵੀਂ ਬਟਾਲੀਅਨ ਵਿੱਚੋਂ ਸੀ ਅਤੇ ਜੰਮੂ ਕਸ਼ਮੀਰ ਵਿੱਚ ਸੁਰੱਖਿਆ ਡਿਊਟੀ ਹੇਠ ਦੂਜੀ ਬਟਾਲੀਅਨ ਦੀ ਇੱਕ ਕੰਪਨੀ ਵਿੱਚ ਤੈਨਾਤ ਸੀ। ਆਈ ਟੀ ਬੀ ਪੀ ਨੇ ਕੋਰਟ ਆਫ ਇਨਕੁਵਾਇਰੀ ਦੇ ਹੁਕਮ ਦਿੱਤੇ ਹਨ।

ਫਰਨੀਚਰ ਕਾਰੋਬਾਰੀ ਦਾ ਦੋਸ਼:

# ਬਕਾਇਆ ਮੰਗਿਆ ਤਾਂ ਐਸ ਡੀ ਐਮ ਨੇ ਘਰ ਉਤੇ ਬੁਲਡੋਜ਼ਰ ਚਲਵਾ ਦਿੱਤੈ

ਲਖਨਊ, 17 ਜੁਲਾਈ (ਪੋਸਟ ਬਿਊਰੋ)- ਮੁਰਾਦਾਬਾਦ ਜ਼ਿਲ੍ਹੇ ਦੇ ਬਿਲਾਰੀ ਦੇ ਵਾਸੀ ਕਾਰੋਬਾਰੀ ਨੇ ਦੋਸ਼ ਲਾਇਆ ਹੈ ਕਿ ਫਰਨੀਚਰ ਦਾ ਬਕਾਇਆ ਦੋ ਲੱਖ 67 ਹਜ਼ਾਰ ਰੁਪਏ ਸਬ ਡਵੀਜ਼ਨਲ ਅਫਸਰ (ਐਸ ਡੀ ਐਮ) ਤੋਂ ਮੰਗਣ ਉਤੇ ਉਸ ਨੇ ਉਸ ਦੇ ਘਰ ਉੱਤੇ ਬੁਲਡੋਜ਼ਰ ਚਲਵਾ ਦਿੱਤਾ ਹੈ। ਸੀਨੀਅਰ ਅਫਸਰਾਂ ਨੂੰ ਕੀਤੀ ਸ਼ਿਕਾਇਤ ਵਿੱਚ ਫਰਨੀਚਰ ਕਾਰੋਬਾਰੀ ਜਾਹਿਦ ਅਹਿਮਦ ਨੇ ਕਿਹਾ ਕਿ ਬਿਲਾਰੀ ਦੇ ਐਸ ਡੀ ਐਮ ਘਨਸ਼ਾਮ ਵਰਮਾ ਨੇ ਪਲੰਗ, ਕੁਰਸੀ, ਮੇਜ਼, ਸੋਫਾ ਆਦਿ ਪਸੰਦ ਕੀਤੇ ਅਤੇ ਆਪਣੇ ਘਰ ਭਿਜਵਾਉਣ ਲਈ ਕਿਹਾ ਸੀ। ਕਾਰੋਬਾਰੀ ਨੇ ਕਿਹਾ ਕਿ ਉਨ੍ਹਾਂ ਨੇ ਐਸ ਡੀ ਐਮ ਦੇ ਘਰ ਫਰਨੀਚਰ ਦੇ ਨਾਲ ਇੱਕ ਲੱਖ 48 ਹਜ਼ਾਰ ਰੁਪਏ ਦਾ ਬਿੱਲ ਵੀ ਭੇਜਿਆ।ਐਸ ਡੀ ਐਮ ਨੇ ਤਿੰਨ ਜੁਲਾਈ ਨੂੰ ਦੀਵਾਨ ਅਤੇ ਸੋਫੇ ਸਮੇਤ ਇੱਕ ਲੱਖ 19 ਹਜ਼ਾਰ ਰੁਪਏ ਦਾ ਫਰਨੀਚਰ ਹੋਰ ਖਰੀਦਿਆ ਅਤੇ ਇਸ ਨੂੰ ਹਰਦੋਈ ਵਿੱਚ ਆਪਣੀ ਬੇਟੀ ਦੇ ਘਰ ਭਿਜਵਾਇਆ। ਅਹਿਮਦ ਨੇ ਸ਼ਿਕਾਇਤ ਵਿੱਚ ਕਿਹਾ ਕਿ ਜਦ ਉਨ੍ਹਾਂ ਨੇ ਐਸ ਡੀ ਐਮ ਤੋਂ ਫਰਨੀਚਰ ਦੇ ਬਿੱਲ ਦਾ ਬਕਾਇਆ ਦੋ ਲੱਖ 67 ਹਜ਼ਾਰ ਰੁਪਏ ਮੰਗਿਆ ਤਾਂ ਅਧਿਕਾਰੀ ਨੇ ਉਸ ਨੂੰ ਬਰਬਾਦ ਕਰਨ ਦੀ ਧਮਕੀ ਦਿੱਤੀ। ਕਾਰੋਬਾਰੀ ਨੇ ਦੋਸ਼ ਲਾਇਆ ਕਿ ਇਸ ਦੇ ਬਾਅਦ ਉਨ੍ਹਾਂ ਨੇ 11 ਜੁਲਾਈ ਨੂੰ ਡਵੀਜ਼ਨਲ ਕਮਿਸ਼ਨਰ ਨੂੰ ਸ਼ਿਕਾਇਤ ਕੀਤੀ, ਪਰ 12 ਜੁਲਾਈ ਨੂੰ ਐਸ ਡੀ ਐਮ ਨੇ ਬੁਲਡੋਜਰ ਦੇ ਨਾਲ ਉਨ੍ਹਾਂ ਦੇ ਘਰ ਤਹਿਸੀਲਦਾਰ ਭੇਜ ਦਿੱਤਾ ਅਤੇ ਘਰ ਦੀ ਕੰਧ ਤੋੜ ਦਿੱਤੀ ਗਈ।

ਜ਼ਿਲ੍ਹਾ ਅਧਿਕਾਰੀ ਸ਼ੈਲੇਂਦਰ ਕੁਮਾਰ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜਾਂਚ ਦੇ ਹੁਕਮ ਦੇ ਦਿੱਤੇ ਹਨ। ਉਨ੍ਹਾਂ ਨੇ ਕਿਹਾ ਕਿ ਇੱਕ ਹੋਰ ਦੋਸ਼ ਹੈ ਕਿ ਸ਼ਿਕਾਇਤਕਰਤਾ ਨੇ ਇਲਾਕੇ ਦੇ ਇੱਕ ਤਲਾਬ ਉੱਤੇ ਕਬਜ਼ਾ ਕਰ ਲਿਆ ਹੈ ਤੇ ਕਬਜ਼ੇ ਦੇ ਕੇਸ ਵਿੱਚ ਕਾਰਵਾਈ ਰੋਕਣ ਲਈ ਐਸ ਡੀ ਐਮ ਦੇ ਖਿਲਾਫ ਸ਼ਿਕਾਇਤ ਕੀਤੀ ਹੈ।

# ਹਾਈ ਕੋਰਟ ਨੇ ਪੁਲਸ ਨੂੰ ਸੂਰ ਦਾ ‘ਅਗਵਾ’ ਬੱਚਾ ਲੱਭਣ ਨੂੰ ਕਿਹਾ



ਕੋਲਕਾਤਾ, 17 ਜੁਲਾਈ (ਪੋਸਟ ਬਿਊਰੋ)- ਕਲਕੱਤਾ ਹਾਈ ਕੋਰਟ ਨੇ ਪੁਲਸ ਨੂੰ ਅਗਵਾ ਹੋਏ ਸੂਰ ਦੇ ਬੱਚੇ ਨੂੰ ਲੱਭਣ ਦਾ ਅਨੋਖਾ ਹੁਕਮ ਦਿੱਤਾ ਹੈ। ਇਸ ਬਾਰੇ ਕੁਝ ਵਕੀਲਾਂ ਨੇ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਸੀ।

ਇੱਕ ਵਕੀਲ ਸ਼ਿਵਾਜੀ ਕੁਮਾਰ ਦਾਸ ਨੇ ਦੱਸਿਆ ਕਿ ਛੇ ਸਾਲ ਪਹਿਲਾਂ ਕਲਿਆਣੀ ਕੋਰਟ ਕੰਪਲੈਕਸ ਵਿੱਚ ਇੱਕ ਸੂਰ ਦੇ ਬੱਚੇ ਦਾ ਜਨਮ ਹੋਇਆ ਸੀ। ਅਦਾਲਤ ਵਿੱਚ ਪ੍ਰੈਕਟਿਸ ਕਰਦੇ ਵਕੀਲ, ਦੁਕਾਨਦਾਰ ਤੇ ਕੇਸ ਦੇ ਸਿਲਸਿਲੇ ਵਿੱਚ ਰੋਜ਼ ਅਦਾਲਤ ਆਉਣ ਵਾਲੇ ਲੋਕ ਉਸ ਨੂੰ ਬਹੁਤ ਪਿਆਰ ਕਰਦੇ ਸਨ ਤੇ ਖਾਣਾ ਖੁਆਉਂਦੇ ਸਨ। ਉਸ ਦਾ ਨਾਂਅ ‘ਘਨਾ' ਰੱਖਿਆ ਗਿਆ ਸੀ। ਉਸ ਸਾਰਾ ਦਿਨ ਅਦਾਲਤੀ ਕੰਪਲੈਕਸ ਵਿੱਚ ਘੁੰਮਦਾ ਰਹਿੰਦਾ ਸੀ, ਪਰ ਮਾਰਚ ਵਿੱਚ ਉਹ ਅਚਾਨਕ ਲਾਪਤਾ ਹੋ ਗਿਆ।ਅਦਾਲਤੀ ਕੰਪਲੈਕਸ ਵਿੱਚ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇਖਣ ਉੱਤੇ ਪਤਾ ਲੱਗਾ ਕਿ ਬੀਤੀ 25 ਮਾਰਚ ਨੂੰ ਕੁਝ ਲੋਕ ਉਸ ਦੇ ਪੈਰ ਬੰਨ੍ਹ ਕੇ ਗੱਡੀ ਵਿੱਚ ਪਾ ਕੇ ਲੈ ਗਏ ਸਨ। ਵੀਡੀਓ ਫੁਟੇਜ ਵਿੱਚ ਗੱਡੀ ਦੀ ਨੰਬਰ ਪਲੇਟ ਵੀ ਦਿੱਸਦੀ ਹੈ। ਕਲਿਆਣੀ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਤਾਂ ਪੁਲਸ ਨੇ ਕੋਈ ਕਦਮ ਨਹੀਂ ਚੁੱਕਿਆ। ਇਸ ਲਈ ਹਾਈ ਕੋਰਟ ਵਿੱਚ ਕੇਸ ਦਾਇਰ ਕੀਤਾ ਗਿਆ ਹੈ। ਜਸਟਿਸ ਸ਼ੰਪਾ ਸਰਕਾਰ ਨੇ ਪੁਲਸ ਨੂੰ ਫਿਟਕਾਰ ਲਾਈ ਤੇ ਰਾਣਾਘਾਟ ਦੇ ਪੁਲਸ ਸੁਪਰਡੈਂਟ ਨੂੰ ਸੂਰ ਦੇ ਬੱਚੇ ਨੂੰ ਲੱਭਣ ਦਾ ਹੁਕਮ ਦਿੱਤਾ ਹੈ।

# ਬਾਦਲਾਂ ਤੋਂ ਬਾਗੀ ਹੋਏ ਅਕਾਲੀ ਦਲ ਦਿੱਲੀ ਸਟੇਟ ਨੂੰ ‘ਟੋਕਰੀ’ ਮਿਲੀ



ਨਵੀਂ ਦਿੱਲੀ, 17 ਜੁਲਾਈ (ਪੋਸਟ ਬਿਊਰੋ)- ਬਾਦਲ ਪਰਵਾਰ ਤੋਂ ਬਾਗੀ ਹੋ ਕੇ ਦਿਲੀ ਦੇ ਸਿੱਖਾਂ ਦੇ ਹੱਕਾਂ ਦੇ ਨਾਂਅ ਉੱਤੇ ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਨੇ ਕੱਲ੍ਹ ਆਪਣਾ ਚੋਣ ਨਿਸ਼ਾਨ ‘ਟੋਕਰੀ’ ਜਾਰੀ ਕਰ ਕੇ ਨਵੇਂ ਅਕਾਲੀ ਦਲ ਨੂੰ ਸ਼੍ਰੋਮਣੀ ਅਕਾਲੀ ਦਲ-1920 ਦੀ ਵਿਰਾਸਤ ਦੱਸ ਕੇ ਇਸ ਨਿਸ਼ਾਨ ਨੂੰ ਲੰਗਰ ਤੇ ਸੇਵਾ ਦੀ ਟੋਕਰੀ ਦੱਸਿਆ।ਇੱਥੋਂ ਦੇ ਤਾਲਕਟੋਰਾ ਇੰਡੋਰ ਸਟੇਡੀਅਮ ਵਿੱਚ ਕੱਲ੍ਹ ਸਿੱਖਾਂ ਦੇ ਇਕੱਠ ਤੇ ਸੰਤ ਸਮਾਜ ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜੋ ਨਵੇਂ ਅਕਾਲੀ ਦਲ ਦੇ ਮੁੱਖ ਸਰਪ੍ਰਸਤ ਹਨ, ਦਿੱਲੀ ਕਮੇਟੀ ਦੇ ਜਨਰਲ ਸੈਕਟਰੀ ਜਗਦੀਪ ਸਿੰਘ ਕਾਹਲੋਂ, ਪ੍ਰਧਾਨ ਐਮ ਪੀ ਐਸ ਚੱਢਾ ਅਤੇ ਹੋਰਨਾਂ ਨੇ ਚੋਣ ਨਿਸ਼ਾਨ ‘ਟੋਕਰੀ’ ਜਾਰੀ ਕਰਦੇ ਹੋਏ ਇਸ ਨੂੰ ਲੰਗਰ ਦੀ ਟੋਕਰੀ ਵਜੋਂ ਉਭਾਰਿਆ ਹੈ।

ਆਪਣੇ ਭਾਸ਼ਣ ਵਿੱਚ ਹਰਮੀਤ ਸਿੰਘ ਕਾਲਕਾ ਨੇ ਬਾਦਲ ਪਰਵਾਰ ਉਤੇ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾਪ੍ਰਬੰਧਕ ਕਮੇਟੀ ਤੇ ਪੰਥਕ ਮਸਲਿਆਂ ਤੋਂ ਭਗੌੜੇ ਹੋ ਕੇ ਨਿੱਜ ਪ੍ਰਸਤੀ ਵੱਲ ਜਾਣ ਦਾ ਦੋਸ਼ ਲਾਇਆ ਤੇ ਕਿਹਾ ਕਿ ‘‘ਜਦੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਦਿੱਲੀ ਕਮੇਟੀ ਦੇ ਤੀਹ ਮੈਂਬਰਾਂ ਨੂੰ ਫਤਵਾ ਜਾਰੀ ਕਰ ਕੇ 1984 ਦੇ ਕਾਤਲਾਂ ਨਾਲ ਯਾਰੀ ਪਾਉਣ ਵਾਲੇ ਪਰਮਜੀਤ ਸਿੰਘ ਸਰਨਾ ਤੇ ਗੋਲਕ ਦੀ ਲੁੱਟ ਕਰਨ ਵਾਲੇ ਮਨਜੀਤ ਸਿੰਘ ਜੀ ਕੇ ਨਾਲ ਸਾਂਝ ਪਾਉਣ ਲਈ ਜ਼ੋਰ ਪਾਇਆ ਸੀ ਤਾਂ ਦਿੱਲੀ ਕਮੇਟੀ ਦੇ ਨਵੇਂ ਜਿੱਤੇ ਤੀਹ ਮੈਂਬਰਾਂ ਨੇ ਇਨ੍ਹਾਂ ਤੋਂ ਵੱਖ ਹੋ ਕੇ ਆਪਣਾ ਅਕਾਲੀ ਦਲ ਦਿੱਲੀ ਸਟੇਟ ਬਣਾਉਣ ਦਾ ਫੈਸਲਾ ਲੈ ਲਿਆ ਸੀ, ਜੋ ਨਿਰੋਲ ਪੰਥ ਦੀ ਚੜ੍ਹਦੀ ਕਲਾ ਨੂੰ ਸਮਰਪਤ ਹੋਵੇਗਾ।"

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸੈਕਟਰੀਜਗਦੀਪ ਸਿੰਘ ਕਾਹਲੋਂ ਨੇ ਕਿਹਾ, ‘‘ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਸ਼੍ਰੋਮਣੀ ਅਕਾਲੀ ਦਲ 1920 ਦੀ ਵਿਰਾਸਤ ਨੂੰ ਅੱਗੇ ਤੋਰਦੇ ਹੋਏ ਪੰਥ ਦੀ ਚੜ੍ਹਦੀ ਕਲਾ ਲਈ ਡਟੇਗਾ।"ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਤੇ ਸਾਬਕਾ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ, ‘‘ਸ਼੍ਰੋਮਣੀ ਅਕਾਲੀ ਦਲ ਮਹਾਨ ਸ਼ਹੀਦਾਂ ਦੀ ਜਥੇਬੰਦੀ ਹੈ, ਜਿਹੜੀ ਏਸੀ ਕਮਰਿਆਂ ਵਿੱਚ ਨਹੀਂ ਸੀ ਬਣੀ, ਸ਼ਹਾਦਤਾਂ ਦੇ ਲਈ ਬਣੀ ਸੀ। ਪੰਜ ਹਜ਼ਾਰ ਸਿੱਖ ਇਸ ਲਈ ਸ਼ਹੀਦ ਹੋਏਸੀ, ਇੱਕ ਪਰਵਾਰ (ਬਾਦਲ ਪਰਵਾਰ) ਅਤੇ ਇੱਕ ਇਨਸਾਨ (ਪ੍ਰਕਾਸ਼ ਸਿੰਘ ਬਾਦਲ) ਨੂੰ ਪੰਥ ਨੇ ਅਥਾਹ ਤਾਕਤਾਂ ਦਿੱਤੀਆਂ, ਪਰ ਪੁੱਤਰ ਮੋਹ ਵਿੱਚ ਉਨ੍ਹਾਂ ਸਾਰਾ ਕੁਝ ਤਬਾਹ ਕਰ ਕੇ ਰੱਖ ਦਿੱਤਾ।"ਇਸ ਮੌਕੇ ਸਾਬਕਾ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ, ਸਾਬਕਾ ਐਮ ਪੀ ਤਰਲੋਚਨ ਸਿੰਘ, ਅਕਾਲੀ ਦਲ ਦਿੱਲੀ ਸਟੇਟ ਦੇ ਸਰਪ੍ਰਸਤ ਭਜਨ ਸਿੰਘ ਵਾਲੀਆ ਸਣੇ ਕਈ ਸਿੱਖ ਸੰਪਰਦਾਵਾਂ ਦੇ ਨੁਮਾਇੰਦੇ ਸ਼ਾਮਲ ਹੋਏ।

# ਖੇਦੜ ਥਰਮਲ ਪਲਾਂਟ ਵੱਲ ਜਾਂਦੀ ਰੇਲਵੇ ਪਟੜੀ ਪੁੱਟ ਦਿੱਤੀ ਗਈ


## * ਸਿੱਖਸ ਫਾਰ ਜਸਟਿਸ ਦੇ ਗੁਰਪਤਵੰਤ ਸਣੇ ਕਈਆਂ ਉੱਤੇ ਕੇਸ ਦਰਜ



ਟੋਹਾਣਾ, 17 ਜੁਲਾਈ (ਪੋਸਟ ਬਿਊਰੋ)- ਹਰਿਆਣਾ ਦੇ ਜ਼ਿਲ੍ਹਾ ਹਿਸਾਰ ਦੇ ਬਰਵਾਲਾ ਵਿੱਚ ਪੈਂਦੇ ਰਾਜੀਵ ਗਾਂਧੀ ਥਰਮਲ ਪਲਾਂਟ ਖੇਦੜ ਵੱਲ ਜਾਂਦੀ ਰੇਲ ਪਟੜੀ ਕੁਝ ਸ਼ਰਾਰਤੀ ਅਨਸਰਾਂ ਨੇ ਉਖਾੜ ਦਿੱਤੀ ਹੈ। ਰੇਲ ਪਟੜੀ ਨੇੜੇ ਇੱਕ ਖੰਬੇ ਉੱਤੇ ਲੱਗਿਆ ਪੀਲੇ ਰੰਗ ਦਾ ਝੰਡਾ ਵੀ ਮਿਲਿਆ ਹੈ। ਹਿਸਾਰ ਦੇ ਐਸ ਪੀ ਲੋਕੇਂਦਰ ਸਿੰਘ ਮੌਕੇ ਉੱਤੇ ਪਹੁੰਚੇ। ਸਿੱਖਸ ਫਾਰ ਜਸਟਿਸ (ਐਸ ਐਫ ਜੇ) ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਇਸ ਦੀ ਜ਼ਿੰਮੇਵਾਰੀ ਲਈ ਹੈ।

ਮਿਲੀ ਜਾਣਕਾਰੀ ਅਨੁਸਾਰ ਰਾਜੀਵ ਗਾਂਧੀ ਥਰਮਲ ਪਲਾਂਟ ਖੇਦੜ ਵਿੱਚ ਕੋਲਾ ਸਪਲਾਈ ਦੇ ਲਈ ਬਣਾਏ ਰੇਲ ਟਰੈਕ ਨੂੰ ਪਰਸੋਂ ਰਾਤ ਕੁਝ ਸ਼ਰਾਰਤੀ ਅਨਸਰਾਂ ਨੇ ਉਖਾੜ ਦਿੱਤਾ ਹੈ। ਉਨ੍ਹਾ ਨੇ ਦੋ ਕਿਲੋਮੀਟਰ ਤਕ ਰੇਲ ਪਟੜੀ ਤੋਂ 64 ਕਲਿੱਪਾਂ ਕੱਢ ਦਿੱਤੀਆਂ, ਜਿਨ੍ਹਾਂ ਵਿੱਚੋਂ ਕੁਝ ਕਲਿੱਪ ਪਟੜੀ ਨੇੜੇ ਸੁੱਟ ਦਿੱਤੀਆਂ ਅਤੇ ਬਹੁਤੀਆਂ ਲਾਪਤਾ ਹਨ।ਪੁਲਸ ਨੇ ਪਹਿਲਾਂ ਇਸ ਦੇ ਲਈ ਕਿਸਾਨਾਂ ਉੱਤੇ ਸ਼ੱਕ ਕੀਤਾ, ਪਰ ਪਿੱਛੋਂ ਸਿੱਖਸ ਫਾਰਜਸਟਿਸ ਦੇ ਆਗੂ ਗੁਰ-ਪਤਵੰਤ ਸਿੰਘ ਪੰਨੂ ਨੇ ਵੀਡੀਓ ਜਾਰੀ ਕਰ ਕੇ ਇਸ ਦੀ ਜ਼ਿੰਮੇਵਾਰੀ ਲਈ ਤਾਂ ਮਾਮਲਾ ਸਾਫ ਹੋ ਗਿਆ। ਗੁਰਪਤਵੰਤ ਪੰਨੂ ਨੇ ਕਿਹਾ ਹੈ ਕਿ 15 ਅਗਸਤ ਤੋਂ ਪਹਿਲਾਂ ਭਾਰਤ ਵਿੱਚ ਚੱਲਦੇ ਸਾਰੇ ਕੋਲਾ ਥਰਮਲ ਪਲਾਂਟ ਬੰਦ ਕਰਵਾ ਦਿੱਤੇ ਜਾਣਗੇ।ਡੀ ਐਸ ਪੀ ਕਪਤਾਨ ਸਿੰਘ ਨੇ ਦੱਸਿਆ ਕਿ ਇਸ ਬਾਰੇ ਥਾਣਾ ਹਿਸਾਰ ਸਾਈਬਰ ਕਰਾਈਮ ਦੀ ਪੁਲਸ ਨੇ ਗੁਰਪਤਵੰਤ ਸਿੰਘ ਪੰਨੂ ਅਤੇ ਹੋਰਨਾਂ ਖਿਲਾਫ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਦੂਜੇ ਪਾਸੇ ਖੇਦੜ ਥਰਮਲ ਪਲਾਂਟ ਅੱਗੇ ਪੁਲਸ ਲਾਠੀਚਾਰਜ ਦੌਰਾਨ ਮਾਰੇ ਗਏ ਕਿਸਾਨ ਧਰਮਪਾਲ ਦਾ ਸਬੰਧਤ ਮੰਗਾਂ ਮੰਨੇ ਜਾਣ ਤੋਂ ਨੌਂ ਦਿਨਾਂ ਪਿੱਛੋਂ ਖੇਦੜ ਗਊਸ਼ਾਲਾ ਵਿੱਚ ਸਸਕਾਰ ਕਰ ਦਿੱਤਾ ਗਿਆ। ਇਸ ਮੌਕੇ ਪ੍ਰਸ਼ਾਸਨ ਨੇ ਖੇਦੜ ਗਊਸ਼ਾਲਾ ਨੂੰ ਥਰਮਲ ਪਲਾਂਟ ਦੀ ਸਵਾਹ 23 ਰੁਪਏ ਪ੍ਰਤੀ ਟਨ ਦੇਣ ਅਤੇ ਧਰਮਪਾਲ ਦੇ ਪੁੱਤਰ ਨੂੰ ਡੀ ਸੀ ਰੇਟ ਉੱਤੇ ਨੌਕਰੀ ਦੇਣ ਦਾ ਭਰੋਸਾ ਦਿੱਤਾ ਹੈ ਅਤੇ ਦਰਜ ਹੋਏ ਕੇਸ ਰੱਦ ਕਰਨ ਸਣੇ ਹੋਰ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਹੈ।



# ਹਸਪਤਾਲ ਤੋਂ ਕੈਦੀ ਫਰਾਰ, ਚਾਰ ਪੁਲਸ ਮੁਲਾਜ਼ਮਾਂ ਉਤੇ ਕੇਸ ਦਰਜ



ਫਿਰੋਜ਼ਪੁਰ, 17 ਜੁਲਾਈ (ਪੋਸਟ ਬਿਊਰੋ)- ਸਿਵਲ ਹਸਪਤਾਲ ਵਿੱਚ ਇਲਾਜ ਲਈ ਭਰਤੀ ਹੋਏ ਚੋਰੀ ਤੇ ਲੁੱਟ-ਖੋਹ ਦੇ ਕੇਸਾਂ ਦਾ ਇੱਕ ਅੰਡਰ ਟਰਾਇਲ ਕੈਦੀ ਗਾਰਦ ਦੇ ਪੁਲਸ ਮੁਲਾਜ਼ਮਾਂ ਦੀ ਲਾਪਰਵਾਹੀ ਕਾਰਨ ਫਰਾਰ ਹੋ ਗਿਆ। ਇਸ ਦੇ ਬਾਅਦ ਥਾਣਾ ਸਿਟੀ ਪੁਲਸ ਨੇ ਕੈਦੀ ਤੇ ਚਾਰ ਪੁਲਸ ਵਾਲਿਆਂ ਖਿਲਾਫ ਕੇਸ ਦਰਜ ਕਰ ਲਿਆ ਹੈ।

ਇਸ ਬਾਰੇ ਸਿਵਲ ਹਸਪਤਾਲ ਫਿਰੋਜ਼ਪੁਰ ਦੇ ਆਰਥੋ ਸਪੈਸ਼ਲਿਸਟ ਮੈਡੀਕਲ ਅਫਸਰ ਡਾਕਟਰ ਤਨਿਸ਼ ਕਿਨਰਾ ਨੇ ਦੱਸਿਆ ਕਿ ਗੁਰਦੀਪ ਸਿੰਘ ਪੁੱਤਰ ਲਖਵਿੰਦਰ ਸਿੰਘ ਕੇਂਦਰੀ ਜੇਲ੍ਹ ਫਿਰੋਜ਼ਪੁਰ ਤੋਂ ਏਥੇ ਇਲਾਜ ਲਈ ਭਰਤੀ ਸੀ। ਹਸਪਤਾਲ ਵਿੱਚ ਡਿਊਟੀ ਸਟਾਫ ਨੇ ਦੱਸਿਆ ਕਿ ਰਾਤ 8.15 ਵਜੇ ਤੋਂ ਕੈਦੀ ਵਾਰਡਤੋਂ ਗਾਇਬ ਹੈ। ਡਾਕਟਰ ਕਿਨਰਾ ਨੇ ਜਾ ਕੇ ਚੈਕ ਕੀਤਾ ਤਾਂ ਗਾਰਦ ਦਾ ਕੋਈ ਪੁਲਸ ਮੁਲਾਜ਼ਮ ਡਿਊਟੀਵੀ ਨਹੀਂ ਸੀ ਅਤੇ ਕੈਦੀ ਫਰਾਰ ਹੋ ਚੁੱਕਾ ਸੀ। ਕੈਦੀ ਨੂੰ ਐਲਬੋ ਦੀ ਸਮੱਸਿਆ ਕਾਰਨ 11 ਜੁਲਾਈ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ ਸੀ। ਇਸ ਦੀ ਜਾਂਚ ਕਰ ਰਹੇ ਥਾਣਾ ਸਿਟੀ ਦੇ ਏ ਐਸ ਆਈ ਬਲਬੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਕੈਦੀ ਗੁਰਦੀਪ ਸਿੰਘ, ਪੁਲਸ ਗਾਰਦ ਵਿੱਚ ਡਿਊਟੀ ਉੱਤੇ ਤੈਨਾਤ ਏ ਐਸ ਆਈ ਵੀਰ ਸਿੰਘ, ਹੌਲਦਾਰ ਕਮਲ ਕੁਮਾਰ, ਹੌਲਦਾਰ ਅਮਰੀਕ ਸਿੰਘ ਤੇ ਪੰਜਾਬ ਹੋਮਗਾਰਡ ਦੇ ਜਸਵੰਤ ਸਿੰਘ ਖਿਲਾਫ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਲੇਖਕ ਤੇ ਸਭਿਆਚਾਰ ਦੇ ਬਾਕੀ ਕਾਮੇ ਵਾਤਾਵਰਣ, ਸਮਾਜਿਕ ਤਾਣਾ ਬਾਣਾ ਸਹੀ ਰੱਖਣ ਲਈ ਹੋਰ ਸਮਰਪਿਤ ਹੋਣ : ਸੀਚੇਵਾਲ

ਲੁਧਿਆਣਾ, 17 ਜੁਲਾਈ (ਗਿਆਨ ਸਿੰਘ): ਵਾਤਾਵਰਣ ਸੰਭਾਲ ਵਿੱਚ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਬਾਬਾ ਬਲਬੀਰ ਸਿੰਘ ਸੀਚੇਵਾਲ ਮੈਂਬਰ ਪਾਰਲੀਮੈਂਟ ਨੇ ਕਾਲ਼ੀ ਬੇਈਂ ਸਫ਼ਾਈ ਤੇ ਸੰਭਾਲ ਮੁਹਿੰਮ ਦੀ 22ਵੀਂ ਵਰ੍ਹੇਗੰਢ ਮੌਕੇ ਕਰਵਾਏ ਕਵੀ ਦਰਬਾਰ ਉਪਰੰਤ ਪੰਜਾਬੀ ਕਵੀ ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੂੰ ਦਸਤਾਰ ਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ।



ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਲਿਖਾਰੀਆਂ, ਬੁੱਧੀਜੀਵੀਆਂ ਅਤੇ ਸੱਭਿਆਚਾਰਕ ਕਾਮਿਆਂ ਨੂੰ ਪ੍ਰੇਰਨਾ ਦਿੰਦਿਆਂ ਕਿਹਾ ਕਿ ਵਾਤਾਵਰਣ ਸੰਭਾਲ,ਸਮਾਜਿਕ ਤਾਣਾ ਬਾਣਾ ਸਹੀ ਰੱਖਣ ਤੇ ਲੋਕ ਹੱਕ ਚੇਤਨਾ ਲਈ ਸਮਰਪਿਤ ਲਿਖਤਾਂ ਲਿਖਣ ਤਾਂ ਜੋ ਆਦ਼ਾਦੀ ਦੇ ਸਹੀ ਅਰਥ ਸਮਝ ਆ ਸਕਣ ਤੇ ਸਮਾਜਿਕ ਵਿਕਾਸ ਸਾਵਾਂ ਹੋਵੇ। ਉਨ੍ਹਾਂ ਕਿਹਾ ਕਿ ਵਿਗਿਆਨ ਨੇ ਜਿੱਥੇ ਸਾਨੂੰ ਬਹੁਤ ਕੁਝ ਦਿੱਤਾ ਹੈ, ਉਸ ਨਾਲੋਂ ਕਿਤੇ ਵੱਧ ਖੋਹਿਆ ਹੈ। ਪੌਣ ਪਾਣੀ ਤੇ ਪਲੀਤ ਧਰਤੀ ਨੂੰ ਗੁਰੂ ਨਾਨਕ ਆਸ਼ੇ ਅਨੁਸਾਰ ਸਵੱਛ ਕਰਨ ਦੀ ਲੋੜ ਹੈ।

ਇਸ ਮੌਕੇ ਕਰਵਾਏ ਕਵੀ ਦਰਬਾਰ ਵਿੱਚ ਸ਼ਾਮਿਲ ਪੰਜਾਬੀ ਕਵੀਆਂ ਤੇ ਲਿਖਾਰੀਆਂ ਤ੍ਰੈਲੋਚਨ ਲੋਚੀ, ਮੁਖਤਾਰ ਸਿੰਘ ਚੰਦੀ, ਡਾ. ਆਸਾ ਸਿੰਘ ਘੁੰਮਣ ਸੰਚਾਲਕ ਸਿਰਜਣਾ ਕੇਂਦਰ ਕਪੂਰਥਲਾ, ਡਾਃ ਸਵਰਾਜ ਸਿੰਘ , ਮਨਜਿੰਦਰ ਧਨੋਆ ਬਲਬੀਰ ਸ਼ੇਰਪੁਰੀ, ਸੰਤ ਸੰਧੂ, ਡਾ. ਰਾਮ ਮੂਰਤੀ, ਬਹਾਦਰ ਸਿੰਘ ਸੰਧੂ, ਮੋਤਾ ਸਿੰਘ ਸਰਾਏ, ਕੁਲਵਿੰਦਰ ਸਿੰਘ ਸਰਾਏ, ਕਰਮਜੀਤ ਸਿੰਘ ਗਰੇਵਾਲ ਨੂੰ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਸਨਮਾਨਿਤ ਕੀਤਾ। ਬਾਦ ਵਿੱਚ ਇਨ੍ਹਾਂ ਲੇਖਕਾਂ ਨੇ ਕਾਲ਼ੀ ਬੇਈਂ ਕੰਢੇ ਯਾਦਗਾਰੀ ਬੂਟੇ ਵੀ ਲਗਾਏ।

ਬਾਬਾ ਗੁਰੂ ਨਾਨਕ ਦੇਵ ਜੀ ਦੀ ਦੀ ਕਾਲ਼ੀ ਵੇਈਂ ਕੰਢੇ ਸ਼ਬਦ-ਏ-ਨਾਦ ਜੱਥੇ ਵਿੱਚ ਸ਼ਾਮਿਲ ਰਬਾਬੀਆਂ ਭਾਈ ਰਣਜੋਧ ਸਿੰਘ,ਨਵਜੋਧ ਸਿੰਘ ਤੇ ਸਿਮਰਨਜੀਤ ਸਿੰਘ ਨੇ ਤੰਤੀ ਸਾਜ਼ਾਂ ਨਾਲ ਸ਼ਬਦ ਗਾਇਨ ਕਰਕੇ ਪੁਰਤਨ ਸਮੇਂ ਦੀ ਯਾਦ ਨੂੰ ਤਾਜ਼ਾ ਕਰ ਦਿੱਤਾ।

ਸਮਾਗਮ ਦੀ ਸ਼ੁਰੂਆਤ ਵਿੱਚ ਸੰਤ ਅਵਤਾਰ ਸਿੰਘ ਯਾਦਗਾਰੀ ਸਕੂਲ ਸੀਚੇਵਾਲ ਦੇ ਬੱਚਿਆਂ ਨੇ ਰਸ-ਭਿੰਨਾ ਕੀਰਤਨ ਕੀਤਾ। ਇਸ ਤੋਂ ਪਹਿਲਾਂ ਅਮਰੀਕਾ ਤੋਂ ਆਏ ਚਿੰਤਕ ਡਾ: ਸਵਰਾਜ ਸਿੰਘ ਜੀ ਨੇ ਕਿਹਾ ਕਿ ਯੂਕਰੇਨ ਤੇ ਰੂਸ ਵਿੱਚ ਜੋ ਜੰਗ ਚੱਲ ਰਹੀ ਹੈ ਇਸ ਦੇ ਖਾਤਮੇ ਤੋਂ ਬਾਅਦ ਇਹ ਸੰਸਾਰ ਬਹੁ-ਧਰੁਵੀ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਸੰਸਾਰ ਨੂੰ ਇੱਕ ਦਿਨ ਗੁਰੁ ਨਾਨਕ ਦੇ ਫਲਸਫੇ ਅਨੁਸਾਰ ਹੀ ਚੱਲਣਾ ਪਵੇਗਾ।

ਇਸ ਮੌਕੇ ਭਾਈ ਪਰਮਜੀਤ ਸਿੰਘ ਦੀ ਅਗਵਾਈ ਵਾਲੇ ਇੰਟਰਨੈਸ਼ਨਲ ਮੀਰੀ-ਪੀਰੀ ਢਾਡੀ ਜੱਥੇ ਵੱਲੋਂ ਤਿਆਰ ਕੀਤੀ ਐਲਬਮ 'ਗੁਰੁ ਮਨਾਓ ਗ੍ਰੰਥ' ਦਾ ਪੋਸਟਰ ਜਾਰੀ ਕੀਤਾ ਗਿਆ। ਪੰਜਾਬੀ ਸਾਹਿੱਤ ਅਕਾਡਮੀ ਮੈਂਬਰ, ਕੌਮੀ ਪੁਰਸਕਾਰ ਵਿਜੇਤਾ ਅਧਿਆਪਕ ਤੇ ਲੇਖਕ ਕਰਮਜੀਤ ਸਿੰਘ ਗਰੇਵਾਲ ਦੇ ਗੀਤ 'ਵਿਗਿਆਨ ਦਾ ਯੁੱਗ' ਦਾ ਪੋਸਟਰ ਲੋਕ ਅਰਪਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੋਤਾ ਸਿੰਘ ਸਰਾਏ ਯੂ ਕੇ ਸੰਚਾਲਕ ਯੋਰਪੀਨ ਪੰਜਾਬੀ ਸੱਥ, ਕੁਲਵਿੰਦਰ ਸਿੰਘ ਸਰਾਏ ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਨਵਾਂ ਸ਼ਹਿਰ,ਸਾਬਕਾ ਚੇਅਰਮੈਨ ਮੋਹਣ ਲਾਲ ਸੂਦ,ਪ੍ਰੋ: ਆਸਾ ਸਿੰਘ ਘੁੰਮਣ,ਸੁਰਜੀਤ ਸਿੰਘ ਸ਼ੰਟੀ, ਸਰਪੰਚ ਜੋਗਾ ਸਿੰਘ ਤੇ ਹੋਰ ਸਖਸ਼ੀਅਤਾਂ ਹਾਜ਼ਰ ਸਨ। ਸਟੇਜ ਸਕੱਤਰ ਦੀ ਡਿਊਟੀ ਸੰਤ ਸੁਖਜੀਤ ਸਿੰਘ ਸੀਚੇਵਾਲ ਨੇ ਬੜੇ ਜੀਵੰਤ ਢੰਗ ਨਾਲ ਨਿਭਾਈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




# Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



204-333-9000, 416-818-3777

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ




# ਚੀਨ ਨਾਲ ਜੁੜੇ ਕਰਜ਼ਾ ਐਪ ਦੀ ਵਰਤੋਂ ਕਰਨ ਵਾਲੇ ਲੋਕਾਂ ਤੋਂ ਜਬਰੀ ਵਸੂਲੀ, ਤਿੰਨ ਜਣੇ ਕਾਬੂ

ਨਵੀਂ ਦਿੱਲੀ, 17 ਜੁਲਾਈ (ਪੋਸਟ ਬਿਊਰੋ)- ਦਿੱਲੀ ਵਿੱਚ ਚੀਨ ਨਾਲ ਜੁੜੇ ਥੋੜ੍ਹੇ ਸਮੇਂ ਵਿੱਚ ਕਰਜ਼ਾ ਦੇਣ ਵਾਲੇ ਐਪ ਦੀ ਵਰਤੋਂ ਕਰਦੇ ਲੋਕਾਂ ਤੋਂ ਜਬਰੀ ਵਸੂਲੀ ਦੇ ਦੋਸ਼ ਵਿੱਚ ਇੱਕ ਗੈਂਗ ਦੇ ਤਿੰਨ ਬੰਦੇ ਗ੍ਰਿਫਤਾਰ ਕੀਤੇ ਗਏ ਹਨ।

_ਲਸ ਨੇ ਦੱਸਿਆ ਕਿ ਦੋਸ਼ੀਆਂ ਦੀ ਪਛਾਣ ਰਾਜਸਥਾਨ ਦੇ ਰਵੀ ਕੁਮਾਰ ਪੰਕਜ (28), ਦਿੱਲੀ ਦੇ ਜਾਵੇਦ ਰਜ਼ਾ ਅੰਸਾਰੀ (30) ਅਤੇ ਉਤਰ ਪ੍ਰਦੇਸ਼ ਦੇ ਵਿਕਾਸ ਯਾਦਵ (19) ਵਜੋਂ ਹੋਈ ਹੈ।ਇੱਕ ਔਰਤ ਨੇ 22 ਜੂਨ ਨੂੰ ਪੁਲਸ ਨੂੰ ਸ਼ਿਕਾਇਤ ਦਰਜ ਕਰਵਾ ਕੇ ਦੋਸ਼ ਲਾਇਆ ਸੀ ਕਿ ਉਸ ਨੂੰ ਪੈਸੇ ਦੀ ਲੋੜ ਕਾਰਨ ਉਸ ਨੇ ਥੋੜ੍ਹੇ ਸਮੇਂ ਲਈ ਕਰਜ਼ਾ ਲੈਣ ਵਾਸਤੇ ਐਪ ਡਾਊਨਲੋਡ ਕੀਤਾ ਸੀ ਤੈਅ ਸਮੇਂ ਉੱਤੇ ਕਰਜ਼ਾ ਮੋੜਨ ਦੇ ਬਾਵਜੂਦ ਉਸ ਨੂੰ ਵਸੂਲੀ ਏਜੰਟ ਫੋਨ ਕਰਦੇ ਰਹੇ, ਜਿਨ੍ਹਾਂ ਨੇ ਘਟੀਆ ਭਾਸ਼ਾ ਦੀ ਵਰਤੋਂ ਕੀਤੀ ਅਤੇ ਧਮਕੀ ਦੇ ਕੇ ਭੁਗਤਾਨ ਕਰਨ ਲਈ ਕਿਹਾ। ਪੁਲਸ ਨੇ ਕਿਹਾ ਕਿ ਸ਼ੱਕੀ ਮੋਬਾਈਲ ਨੰਬਰਾਂ ਨਾਲ ਜੁੜੇ ਬੈਂਕ ਖਾਤਿਆਂ ਦੇ ਲੈਣ-ਦੇਣ ਦੀ ਜਾਂਚ ਕੀਤੀ ਤਾਂ ਉਸ ਨੂੰ ਪੰਕਜ ਨਾਂਅ ਦੇ ਵਿਅਕਤੀ ਦੇ ਬੈਂਕ ਖਾਤੇ ਦਾ ਪਤਾ ਲੱਗਾ, ਜਿਸ ਵਿੱਚ ਸ਼ਿਕਾਇਤਕਰਤਾ ਔਰਤ ਦੇ ਪੈਸੇ ਜਮ੍ਹਾਂ ਹੁੰਦੇ ਸਨ।ਅਧਿਕਾਰੀ ਨੇ ਕਿਹਾ ਕਿ ਖਾਤੇ ਵਿੱਚੋਂ ਹੋਏ ਸਾਰੇ ਲੈਣ-ਦੇਣ ਦੀ ਪੜਤਾਲ ਉੱਤੇ ਪਤਾ ਲੱਗਾ ਕਿ ਇੱਕ ਦਿਨ ਵਿੱਚ 19.43 ਕਰੋੜ ਰੁਪਏ ਦਾ ਲੈਣ-ਦੇਣ ਹੋਇਆ ਸੀ। ਬਾਅਦ ਵਿੱਚ ਉਹ ਰਕਮ ਦੂਸਰੇ ਖਾਤਿਆਂ ਵਿੱਚ ਪਾ ਦਿੱਤੀ ਗਈ। ਪੁਲਸ ਨੇ ਚਾਰ ਜੁਲਾਈ ਨੂੰ ਪੰਕਜ ਨੂੰ ਰਾਜਸਥਾਨ ਤੋਂ ਗ੍ਰਿਫਤਾਰ ਕੀਤਾ ਅਤੇ ਇਸ ਦੇ ਬਾਅਦ ਪੁਲਸ ਨੂੰ ਧੋਖਾਧੜੀ ਗਿਰੋਹ ਦੇ ਬਾਰੇ ਪਤਾ ਲੱਗਾ ਤਾਂ ਇਸ ਦੇ ਮੈਂਬਰਾਂ ਅੰਸਾਰੀ ਤੇ ਯਾਦਵ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ।

